

# ਜੀਉਣ ਦਾ ਇੱਕ ਨਵਾਂ ਢੰਗ

## ਮਸੀਹ ਨੂੰ ਸਵੀਕਾਰ ਕਰਨ ਦਾ ਅਰਥ ਸਮਝਣਾ

ਜੋਏਸ ਮੇਅਰ

#1 ਨਿਊ ਯਾਰਕ ਟਾਈਮਸ ਦੀਆਂ ਸਭ ਤੋਂ ਵੱਧ ਵਿਕਣ ਵਾਲੀਆਂ ਪੁਸਤਕਾਂ ਦੀ ਲੇਖਕ

# ਜੀਉਣ ਦਾ
# ਇੱਕ ਨਵਾਂ ਢੰਗ

# ਜੀਉਣ ਦਾ ਇੱਕ ਨਵਾਂ ਢੰਗ

## ਮਸੀਹ ਨੂੰ ਸਵੀਕਾਰ ਕਰਨ ਦਾ ਅਰਥ ਸਮਝਣਾ


ਜੋਏਸ ਮੇਅਰ



JOYCE MEYER MINISTRIES®
Nanakramguda, Hyderabad - 500 008

If you purchase this book without a cover you should be aware that this book may have been stolen property and reported as "unsold and destroyed" to the publisher. In such case neither the author nor the publisher has received any payment for this "stripped book."

Unless otherwise indicated, all Scripture quotations are taken from THE AMPLIFIED BIBLE: Old Testament. Copyright © 1962, 1964 by Zondervan Publishing House (used by permission); THE KING JAMES VERSION; and from THE AMPLIFIED NEW TESTAMENT. Copyright© 1958 by the Lockman Foundation (used by permission).

The author would like to acknowledge that the story used in chapter 3, on pages 11-13 is on original sermon illustration by Dr. Monroe Parker and is used by permission of Gospel Projects Press, P.O. Box 643, Milton, FL 32572: copyright 1977. www.childrensbibleclub.com

Copyright © 2014 by Joyce Meyer Ministries - Asia

All rights reserved. No part of this publication may be reproduced, distributed, or transmitted in any form or by any means, or stored in a database or retrieval system, without the prior written permission of Joyce Meyer Ministries - Asia.

Joyce Meyer Ministries - Asia
Nanakramguda, Hyderabad - 500 008
Phone: +91-40-2300 6777
Website: www.jmmindia.org

A New Way of Living - Punjabi
*Understanding What It Means to Accept Christ*

*Printed at:*
Caxton Offset Pvt. Ltd.
Hyderabad - 500 004

# ਵਿਸ਼ਾ ਸੂਚੀ


1. ਸਭ ਤੋਂ ਮਹੱਤਪੂਰਨ ਫੈਸਲਾ ਜੋ ਕਦੇ ਤੁਸੀਂ ਕਰੋਗੇ 1

2. ਅਸੀਂ ਸਾਰਿਆਂ ਨੇ ਪਾਪ ਕੀਤਾ ਹੈ 6

3. ਇਹ ਸਮਰਪਣ ਦਾ ਸਮਾਂ ਹੈ 13

4. ਜੀਉਣ ਦਾ ਇੱਕ ਨਵਾਂ ਢੰਗ 19

5. ਸੋਚਣ ਦਾ ਇੱਕ ਨਵਾਂ ਢੰਗ 28

6. ਗੱਲਬਾਤ ਕਰਨ ਦਾ ਇੱਕ ਨਵਾਂ ਢੰਗ 36

7. ਆਪਣੇ ਆਪ ਨੂੰ ਵੇਖਣ ਦਾ ਇੱਕ ਨਵਾਂ ਢੰਗ 41

8. ਡਰ ਨੂੰ ਵਿਸ਼ਵਾਸ ਵਿੱਚ ਬਦਲਣਾ 47

9. ਜੀਵਨ ਦਾ ਅਨੰਦ ਲਉ 51

ਮੁਕਤੀ ਦੀ ਇੱਕ ਪ੍ਰਾਰਥਨਾ 55

ਸਿਫਰਾਸ਼ੀ ਸ੍ਰੋਤ 56

## ਅਧਿਆਏ 1

# ਸਭ ਤੋਂ ਮਹੱਤਵਪੂਰਨ ਫੈਸਲਾ ਜੋ ਕਦੇ ਤੁਸੀਂ ਕਰੋਗੇ

ਕੀ ਤੁਸੀਂ ਤੁਹਾਡੇ ਜੀਵਨ ਨਾਲ ਅਸੰਤੁਸ਼ਟ ਹੋ? ਜੇਕਰ ਹਾਂ, ਤੁਸੀਂ ਇਕੱਲੇ ਨਹੀਂ ਹੋ। ਲੋਕਾਂ ਦੀ ਬਹੁਸੰਖਿਆਂ ਥੱਕੀ ਹੋਈ, ਨਿਰਾਸ਼, ਖਾਲੀ ਅਤੇ ਅਸੰਪੰਨ ਹੈ। ਕੁਝ ਨੇ ਜਿਸ ਢੰਗ ਨਾਲ ਮਹਿਸੂਸ ਕਰਦੇ ਉਸ ਲਈ ਇੱਕ ਹੱਲ ਲੱਭਣ ਦੀ ਆਸ ਵਿੱਚ ਧਰਮ ਦੀ ਕੋਸ਼ਿਸ਼, ਸਿਰਫ਼ ਜੀਵਨਰਹਿਤ ਅਤੇ ਬੇਤੁਕੇ ਨਿਯਮਾ ਨਾਲ ਬੋਝ ਨੂੰ ਜਿੰਨ੍ਹਾਂ ਦਾ ਉਹ ਪਾਲਨਾ ਨਹੀਂ ਕਰ ਸਕਦੇ ਲੈਣ ਦੀ ਕੋਸ਼ਿਸ਼ ਕੀਤੀ ਹੈ। ਜੇਕਰ ਤੁਸੀਂ ਧਰਮ ਨੂੰ ਅਜ਼ਮਾ ਲਿਆ ਹੈ, ਇਸ ਦਾ ਇਹ ਅਰਥ ਨਹੀਂ ਕਿ ਤੁਸੀਂ ਖਾਲੀ ਅਸਫ਼ਲ, ਦੋਸ਼ ਦੀ ਭਾਵਨਾ ਨਾਲ ਚੱਲਦੇ ਜੀਵਨ ਦੇ ਹੱਲ ਵਜੋਂ ਪਰਮੇਸ਼ੁਰ ਨੂੰ ਅਜ਼ਮਾ ਲਿਆ ਹੈ।

ਜੇਕਰ ਤੁਹਾਨੂੰ ਪਿਆਰ ਕੀਤੇ ਜਾਣ ਦੀ ਲੋੜ ਹੈ, ਜੇਕਰ ਤੁਹਾਨੂੰ ਇੱਕ ਮਿੱਤਰ ਦੀ ਲੋੜ ਹੈ, ਜੇਕਰ ਤੁਹਾਨੂੰ ਤੁਹਾਡੇ ਪਾਪਾਂ ਨੂੰ ਮਾਫ਼ ਕੀਤੇ ਜਾਣ ਦੀ ਲੋੜ ਹੈ, ਅਤੇ ਜੇਕਰ ਤੁਹਾਨੂੰ ਇੱਕ ਭਵਿੱਖ ਦੀ ਲੋੜ ਹੈ...ਯਿਸੂ ਮਸੀਹ ਤੁਹਾਡਾ ਉੱਤਰ ਹੈ। ਉਹ ਤੁਹਾਨੂੰ ਇੱਕ ਨਵਾਂ ਜੀਵਨ ਦੇਣ ਲਈ ਅਤੇ ਤੁਹਾਨੂੰ ਇੱਕ ਬਿਲਕੁਲ ਨਵੀਂ ਸਰਿਸ਼ਟੀ ਬਣਾਉਣ ਲਈ ਇੰਤਜ਼ਾਰ ਕਰ ਰਿਹਾ ਹੈ।

ਜੇਕਰ ਤੁਸੀਂ ਤੁਹਾਡੇ ਜੀਵਨ ਨਾਲ ਸੰਤੁਸ਼ਟ ਨਹੀਂ ਹੋ, ਤੁਹਾਨੂੰ ਜ਼ਰੂਰ ਕੁਝ ਬਦਲਣਾ ਹੈ। ਜੇਕਰ ਅਸੀਂ ਉਹ ਗੱਲ ਨੂੰ ਕਰਦੇ ਰਹਾਂਗੇ ਜੋ ਪਹਿਲਾ ਸਦਾ ਕੀਤੀ ਹੈ, ਸਾਡੇ ਕੋਲ ਉਹੀ ਜੀਵਨ ਹੋਵੇਗਾ ਜਿਹੜਾ ਸਾਡੇ ਕੋਲ ਸੀ। ਤੁਹਾਨੂੰ

ਇੱਕ ਫੈਸਲਾ ਕਰਨ ਦੀ ਲੋੜ ਹੈ, ਅਤੇ ਇਹ ਮਹੱਤਵਪੂਰਨ ਫੈਸਲਾ ਹੋਵੇਗਾ ਜੋ ਕਦੇ ਤੁਸੀਂ ਕਰੋਗੇ।

ਇਹ ਫੈਸਲਾ ਤੁਹਾਡੇ ਕੈਰੀਅਰ ਦੀ ਚੋਣ, ਕਿੱਥੇ ਤੁਸੀਂ ਕਾਲੇਜ ਵਿੱਚ ਜਾਵੋਗੇ, ਕਿਹਦੇ ਨਾਲ ਤੁਸੀਂ ਵਿਆਹ ਕਰੋਗੇ, ਕਿਵੇਂ ਤੁਸੀਂ ਆਪਣੇ ਧਨ ਨੂੰ ਖਰਚ ਕਰੋਗੇ, ਜਾਂ ਤੁਸੀਂ ਕਿੱਥੇ ਰਹੋਗੇ ਨਾਲੋਂ ਜਿਆਦਾ ਮਹੱਤਵਪੂਰਨ ਹੈ। ਇਹ ਫੈਸਲਾ ਸਦੀਪਕ ਕਾਲ ਨਾਲ ਸੰਬੰਧਿਤ ਹੈ। ਸਦੀਪਕ ਕਾਲ ਬਿਨ੍ਹਾਂ ਅੰਤ ਦਾ ਸਮਾਂ ਹੈ, ਅਤੇ ਸਾਡੇ ਵਿੱਚੋਂ ਹਰੇਕ ਨੂੰ ਇਹ ਜਾਨਣ ਦੀ ਲੋੜ ਹੈ ਕਿੱਥੇ ਅਸੀਂ ਇਸ ਨੂੰ ਬਿਤਾਵਾਂਗੇ। ਮੌਤ ਤੋਂ ਬਾਅਦ ਇੱਕ ਜੀਵਨ ਹੈ ਜਦੋਂ ਤੁਸੀਂ ਮਰਦੇ, ਤੁਸੀਂ ਹੋਂਦ ਵਿੱਚ ਹੋਣ ਤੋਂ ਰੁੱਕ ਜਾਂਦੇ ਹੋ, ਤੁਸੀਂ ਸਿਰਫ਼ ਇੱਕ ਹੋਰ ਸਥਾਨ ਤੇ ਹੌਂਦ ਵਿੱਚ ਹੋਣਾ ਅਰੰਭ ਹੋ ਜਾਂਦੇ ਹੋ। ਇਸ ਤਰ੍ਹਾਂ ਕਿਹਾ ਗਿਆ ਹੈ ਕਿ ਮਰਨਾ ਇੱਕ ਘੁੰਮਣ ਵਾਲੇ ਬੂਹੇ ਰਾਹੀਂ ਜਾਣਾ ਹੈ। ਤੁਸੀਂ ਸਿਰਫ਼ ਇੱਕ ਸਥਾਨ ਨੂੰ ਛੱਡ ਕੇ ਦੂਜੇ ਵਿੱਚ ਚਲੇ ਜਾਂਦੇ ਹੋ।

ਕੀ ਤੁਸੀਂ ਇੱਥੇ ਧਰਤੀ ਤੇ ਪਰਮੇਸ਼ੁਰ ਨਾਲ ਇੱਕ ਸੰਬੰਧ ਰੱਖਣਾ ਅਤੇ ਉਸ ਨਾਲ ਸਦੀਪਕ ਜੀਵਨ ਬਿਤਾਉਣਾ ਚਾਹੁੰਦੇ ਹੋ? ਜੇਕਰ ਹਾਂ, ਤੁਹਾਨੂੰ ਯਿਸੂ ਮਸੀਹ ਨੂੰ ਤੁਹਾਡੇ ਮੁਕਤੀਦਾਤੇ ਵਜੋਂ ਕਬੂਲ ਕਰਨ ਦੀ ਲੋੜ ਹੈ? ਅਸੀਂ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਸਾਨੂੰ ਸਾਰਿਆਂ ਨੂੰ ਇੱਕ ਮੁਕਤੀਦਾਤੇ ਦੀ ਲੋੜ ਹੈ। ਪਰਮੇਸ਼ੁਰ ਨੇ ਉਸ ਦੇ ਇਕਲੌਤੇ ਪੁੱਤਰ ਨੂੰ ਸਾਡੇ ਪਾਪਾਂ ਦੀ ਸਜਾ ਦੇ ਭੁਗਤਾਨ ਲਈ ਭੇਜਿਆ। ਉਹ ਸਲੀਬ ਦਿੱਤਾ ਗਿਆ ਅਤੇ ਸਾਡੇ ਅਪਰਾਧਾਂ ਲਈ ਉਸ ਦਾ ਨਿਰਦੋਸ਼ ਲਹੂ ਵਹਾਇਆ ਗਿਆ। ਉਹ ਮਰ ਗਿਆ ਅਤੇ ਦਫ਼ਨਾ ਦਿੱਤਾ ਗਿਆ, ਪਰ ਤੀਜੇ ਦਿਨ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਅਤੇ ਹੁਣ, ਪਰਮੇਸ਼ੁਰ ਪਿਤਾ ਦੇ ਸੱਜੇ ਹੱਥ ਬੈਠਾ ਹੋਇਆ ਹੈ। ਉਹ ਪਰਮੇਸ਼ੁਰ ਨਾਲ ਸਹੀ ਸਥਿਰਤਾ, ਅਨੰਦ, ਅਤੇ ਸ਼ਾਂਤੀ ਹੋਣ ਦੀ ਤੁਹਾਡੀ ਆਸ ਹੈ।

ਸਾਡੇ ਪਾਪਾਂ ਤੋਂ ਬਚਾਏ ਜਾਣ ਲਈ, ਬਾਈਬਲ ਸਾਨੂੰ ਸਿਖਾਉਂਦੀ ਹੈ ਕਿ ਸਾਨੂੰ ਇਕਰਾਰ ਕਰਨਾ ਅਤੇ ਮੰਨਣਾ ਚਾਹੀਦਾ ਹੈ ਕਿ ਯਿਸੂ ਪ੍ਰਭੂ ਹੈ, ਅਤੇ

ਸਾਨੂੰ ਸਾਡੇ ਦਿਲਾਂ ਵਿੱਚ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਪਰਮੇਸ਼ੁਰ ਨੇ ਉਸ ਨੂੰ ਮੁਰਦਿਆਂ ਵਿੱਚੋਂ ਜੀਉਂਦਾ ਕੀਤਾ।

> ਕਿਉਂਕਿ ਜੋ ਤੂੰ ਆਪਣੇ ਮੂੰਹ ਨਾਲ ਪ੍ਰਭੁ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ {ਸਚਿਆਈ ਵਿੱਚ, ਭਰੋਸਾ ਅਤੇ ਵਿਸ਼ਵਾਸ, ਅਨੁਸਰਣ ਕਰੇ} ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਗਾ। —ਰੋਮੀਆਂ 10:9

ਇਸ ਕਿਸਮ ਦਾ ਵਿਸ਼ਵਾਸ ਕਰਨਾ ਇੱਕ ਦਿਮਾਗੀ ਸਵੀਕਾਰ ਕਰਨ ਨਾਲੋਂ ਜਿਆਦਾ ਹੈ, ਇਹ ਗੰਭੀਰ ਅਤੇ ਦਿਲ ਨਾਲ ਮਹਿਸੂਸ ਕਰਨਾ ਹੈ। ਬਹੁਤ ਸਾਰੇ ਲੋਕ ਵਿਸ਼ਵਾਸ ਕਰਦੇ ਇੱਕ ਪਰਮੇਸ਼ੁਰ ਹੈ, ਪਰ ਉਨ੍ਹਾਂ ਨੇ ਓਹਨਾਂ ਦੇ ਜੀਵਨਾਂ ਨੂੰ ਪਰਮੇਸ਼ੁਰ ਨੂੰ ਅਰਪਣ ਨਹੀਂ ਕੀਤਾ ਹੈ। ਪਰਮੇਸ਼ੁਰ ਜੀਵਨ ਦਾ ਸਿਰਜਣਹਾਰ ਹੈ, ਅਤੇ ਉਹ ਤੁਹਾਥੋਂ ਇੱਕ ਇੱਛਾਪੂਰਵਕ ਅਤੇ ਖੁਸ਼ੀ ਨਾਲ ਤੁਹਾਡੇ ਜੀਵਨ ਉਸ ਨੂੰ ਵਾਪਸ ਦੇਣ ਲਈ ਚਾਹੁੰਦਾ ਹੈ। ਪਰਮੇਸ਼ੁਰ ਨੇ ਇੱਕ ਅਜ਼ਾਦ ਇੱਛਾ ਨਾਲ ਤੁਹਾਨੂੰ ਰਚਿਆ ਅਤੇ ਉਹ ਉਸ ਨੂੰ ਚੁਨਣ ਲਈ ਤੁਹਾਨੂੰ ਮਜ਼ਬੂਰ ਨਹੀਂ ਕਰੇਗਾ। ਪਰ ਤੁਸੀਂ ਕਰਦੇ ਜਾਂ ਨਹੀਂ ਤੁਹਾਡੇ ਜੀਵਨ ਨੂੰ ਜੋ ਤੁਸੀਂ ਇੱਥੇ ਧਰਤੀ ਤੇ ਬਿਤਾਉਂਦੇ ਦੇ ਗੁਣ ਵਿੱਚ ਫ਼ਰਕ ਨੂੰ ਬਣਾਵੇਗਾ, ਅਤੇ ਇੱਥੇ ਧਰਤੀ ਦਾ ਖੰਡ ਹੈ ਕਿ ਜਦੋਂ ਤੁਸੀਂ ਮਰਦੇ ਤੁਸੀਂ ਕਿੱਥੇ ਸਦੀਪਕ ਕਾਲ ਨੂੰ ਬਿਤਾਉਗੇ।

ਕੀ ਤੁਹਾਡੇ ਜੀਵਨ ਨੂੰ ਚਲਾਉਣ ਲਈ ਤੁਸੀਂ ਵਧੀਆ ਕੰਮ ਕੀਤਾ ਹੈ? ਜੇਕਰ ਨਹੀਂ, ਤਾਂ ਕਿਉਂ ਨਾ ਉਸ ਵੱਲ ਮੁੜੋ ਜਿਸ ਨੇ ਤੁਹਾਨੂੰ ਰਚਿਆ ਹੈ ਅਤੇ ਜਿੰਨਾਂ ਕਦੇ ਤੁਸੀਂ ਖੁਦ ਬਾਰੇ ਜਾਣੋਗੇ ਨਾਲੋਂ ਜਿਆਦਾ ਤੁਹਾਡੇ ਬਾਰੇ ਜਾਣਦਾ ਹੈ? ਜੇਕਰ ਮੈਂ ਇੱਕ ਮੋਟਰਗੱਡੀ ਖਰੀਦਦੀ ਹਾਂ ਅਤੇ ਇਸ ਨਾਲ ਸਮੱਸਿਆ ਆਉਂਦੀ ਹੈ, ਮੈਂ ਉਸ ਨੂੰ ਉਨ੍ਹਾਂ ਲੋਕਾਂ ਕੋਲ ਵਾਪਸ ਲੈ ਜਾਂਦੀ ਹਾਂ ਜਿੰਨਾਂ ਇਸ ਦਾ ਨਿਰਮਾਣ ਕੀਤਾ ਤਾਂ ਜੋ ਉਹ ਇਸ ਨੂੰ ਠੀਕ ਕਰ ਸਕਣ। ਇਹੋ ਹੀ

ਸਿਧਾਂਤ ਪਰਮੇਸ਼ੁਰ ਨਾਲ ਹੈ। ਉਸ ਨੇ ਤੁਹਾਨੂੰ ਬਣਾਇਆ ਅਤੇ ਤੁਹਾਨੂੰ ਬਹੁਤ ਜਿਆਦਾ ਪਿਆਰ ਕਰਦਾ ਹੈ। ਜੇਕਰ ਤੁਹਾਡਾ ਜੀਵਨ ਤੁਹਾਨੂੰ ਸੰਤੁਸ਼ਟ ਨਹੀਂ ਕਰ ਰਿਹਾ ਹੈ ਤਾਂ ਇਸ ਨੂੰ ਉਸ ਕੋਲ ਲੈ ਜਾਉ ਤਾਂ ਜੋ ਉਹ ਇਸ ਨੂੰ ਠੀਕ ਕਰ ਸਕੇ।

ਜਿਵੇਂ ਕਿ ਮੈਂ ਪਹਿਲਾ ਕਿਹਾ ਸੀ, ਕੁਝ ਵੀ ਨਹੀਂ ਬਦਲਦਾ ਜਦ ਤੱਕ ਕਿ ਤੁਸੀਂ ਇੱਕ ਫੈਸਲਾ ਨਹੀਂ ਕਰਦੇ। ਕੀ ਤੁਸੀਂ ਇੱਕ ਮਸੀਹੀ ਹੋਣਾ ਚਾਹੁੰਦੇ ਹੋ? ਕੀ ਤੁਸੀਂ ਪਰਮੇਸ਼ੁਰ ਨੂੰ ਤੁਹਾਡਾ ਪਾਪ ਹੀ ਨਹੀਂ ਪਰ ਜੀਵਨ ਨੂੰ ਵੀ ਅਰਪਣ ਕਰਨ ਲਈ ਤਿਆਰ ਹੋ? ਕੀ ਤੁਸੀਂ ਤੁਹਾਡੇ ਪਾਪਾਂ ਤੋਂ ਮੁਕਤੀ ਲਈ ਅਤੇ ਇਹ ਸਿੱਖਣ ਲਈ ਕਿ ਕਿਵੇਂ ਇੱਕ ਬਿਲਕੁਲ ਨਵੇਂ ਜੀਵਨ ਨੂੰ ਬਿਤਾਉਣਾ ਹੈ ਜੋ ਪਰਮੇਸ਼ੁਰ ਲਈ ਅਤੇ ਪਰਮੇਸ਼ੁਰ ਨਾਲ ਰਿਹਾ ਜਾਂਦਾ ਹੈ ਤਿਆਰ ਹੋ? ਜੇਕਰ ਹਾਂ, ਤਾਂ ਇਸ ਨੂੰ ਪੜ੍ਹਦੇ ਰਹੋ ਕਿਉਂ ਜੋ ਇੱਥੇ ਸੰਭਾਵੀ ਚੰਗੀਆਂ ਗੱਲਾਂ ਜਿੰਨਾਂ ਦੀ ਤੁਸੀਂ ਕਲਪਨਾ ਕਰ ਸਕਦੇ ਤੋਂ ਵੱਧ ਕੁਝ ਤੁਹਾਡੇ ਲਈ ਇੰਤਜ਼ਾਰ ਕਰ ਰਿਹਾ ਹੈ। ਇਹ ਸਾਰੀਆਂ ਲਈ ਉਪਲਬੱਧ ਹੈ। ਕੋਈ ਵੀ ਇਸ ਤੋਂ ਵਾਂਝਾ ਨਹੀਂ ਹੈ। ਇਹੋ ਹੀ ਪਰਮੇਸ਼ੁਰ ਤੁਹਾਡੇ ਭਵਿੱਖ ਲਈ ਆਖਦਾ ਹੈ।

> ਮੈਂ ਤਾਂ ਆਪਣੀਆਂ ਸੋਚਾਂ ਨੂੰ ਜਿਹੜੀਆਂ ਤੁਹਾਡੇ ਵਿਖੇ ਸੋਚਦਾ ਹਾਂ ਜਾਣਦਾ ਹਾਂ, ਯਹੋਵਾਹ ਦਾ ਵਾਕ ਹੈ, ਸ਼ਾਂਤੀ ਦੀਆਂ ਸੋਚਾਂ, ਬੁਰਿਆਈ ਦੀਆਂ ਨਹੀਂ ਭਈ ਮੈਂ ਤੁਹਾਨੂੰ ਛੇਕੜ ਦੀ ਆਸ ਦੁਆਵਾਂ
>
> —ਯਿਰਮਿਯਾਹ 29:11

ਕੋਈ ਵੀ ਤੁਹਾਡੇ ਲਈ ਤੁਹਾਡੀ ਚੋਣ ਨਹੀਂ ਕਰ ਸਕਦਾ ਹੈ। ਇਹ ਤੁਹਾਡੀ ਅਤੇ ਤੁਹਾਡੀ ਇਕੱਲੀਆਂ ਦੇ ਬਣਾਉਣ ਲਈ ਹੈ। ਕਿਸ ਪਰਕਾਰ ਦੇ ਜੀਵਨ ਨੂੰ ਹੋਣ ਦੀ ਤੁਸੀਂ ਇੱਛਾ ਰੱਖਦੇ ਹੋ? ਕੀ ਤੁਸੀਂ ਸੱਚਮੁੱਚ ਉਸ ਦੇ ਨਮੂਨੇ ਦਾ ਪਾਲਨ ਕਰਨਾ ਚਾਹੁੰਦੇ ਹੋ ਜੋ ਤੁਸੀਂ ਅੱਜ ਸਾਡੇ ਸਮਾਜ ਵਿੱਚ ਵੇਖਦੇ ਹੋ? ਪਰਮੇਸ਼ੁਰ ਦਾ ਵਚਨ ਆਖਦਾ ਹੈ ਅਸਾਂ ਜਗਤ ਵਿੱਚ ਨਾਲ ਕੁਝ ਨਾ ਲਿਆਂਦਾ

ਅਤੇ ਨਾ ਅਸੀਂ ਉਸ ਵਿੱਚੋਂ ਕੁਝ ਲੈ ਜਾ ਸਕਦੇ ਹਾਂ (1 ਤਿਮੋਥਿਉਸ 6:7)। ਪਰਮੇਸ਼ੁਰ ਅਲਫਾ ਅਤੇ ਓਮਗਾ ਹੈ। ਅਰੰਭ ਅਤੇ ਅੰਤ। ਅਰੰਭ ਵਿੱਚ ਇੱਥੇ ਪਰਮੇਸ਼ੁਰ ਸੀ, ਅਤੇ ਅੰਤ ਵਿੱਚ ਇੱਥੇ ਪਰਮੇਸ਼ੁਰ ਹੋਵੇਗਾ। ਹਰ ਵਿਅਕਤੀ ਪਰਮੇਸ਼ੁਰ ਸਾਹਮਣੇ ਖੜਾ ਰਹੇਗਾ ਅਤੇ ਉਨ੍ਹਾਂ ਦੇ ਜੀਵਨ ਦਾ ਹਿਸਾਬ ਦੇਵੇਗਾ (ਰੋਮੀਆਂ 14:12)। ਹੁਣ ਉਸ ਲਈ ਤਿਆਰ ਹੋ ਜਾਣ ਦਾ ਸਮਾਂ ਹੈ। ਮੈਂ ਹਮੇਸ਼ਾ ਆਖਦੀ ਹਾਂ, “ਤਿਆਰ ਜਾਂ ਨਹੀਂ” ਯਿਸੂ ਆ ਰਿਹਾ ਹੈ। ਹੁਣ ਤਿਆਰ ਹੋ ਜਾਉ, ਹੁਣ ਸਹੀ ਫੈਸਲਾ ਕਰ ਲਉ, ਕਿਉਂਕਿ ਬਾਅਦ ਵਿੱਚ ਬਹੁਤ ਦੇਰ ਹੋ ਸਕਦੀ ਹੈ।

## ਅਧਿਆਏ 2

# ਅਸੀਂ ਸਾਰਿਆਂ ਨੇ ਪਾਪ ਕੀਤਾ ਹੈ

ਪਾਪ ਪਰਮੇਸ਼ੁਰ ਦੀ ਜਾਣੂ ਇੱਛਾ ਲਈ ਜਾਣ ਬੁੱਝ ਕੇ ਕੀਤੀ ਅਣਆਗਿਆਕਾਰੀ ਹੈ। ਅਸਾਂ ਸਭਨਾਂ ਨੇ ਪਾਪ ਕੀਤਾ ਹੈ। ਧਰਤੀ ਤੇ ਇੱਥੇ ਕੋਈ ਵੀ ਨਹੀਂ ਹੈ ਜੋ ਕਦੇ ਵੀ ਪਾਪ ਨਹੀਂ ਕਰਦਾ ਹੈ (ਰੋਮੀਆਂ 3:23, ਉਪਦੇਸ਼ਕ ਦੀ ਪੋਥੀ 7:20)। ਉਹ ਬੁਰੀ ਖ਼ਬਰ ਹੈ, ਪਰ ਇੱਥੇ ਖੁਸ਼ਖ਼ਬਰੀ ਵੀ ਹੈ। ਅਸੀਂ ਸਾਰੇ ਮਾਫ਼ ਕੀਤੇ ਜਾ ਸਕਦੇ ਹਾਂ ਅਤੇ ਪਰਮੇਸ਼ੁਰ ਨਾਲ ਸਹੀ ਕੀਤੇ ਜਾ ਸਕਦੇ ਹਾਂ।

> ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਆਦਰ ਅਤੇ ਪਰਤਾਪ ਤੋਂ ਰਹਿ ਗਏ ਹਨ ਜਿਹੜਾ ਪਰਮੇਸ਼ੁਰ ਪ੍ਰਦਾਨ ਕਰਦਾ ਅਤੇ ਸਵੀਕਾਰ ਕਰਦਾ ਹੈ।
>
> ਸੋ ਉਹ ਦੀ ਕਿਰਪਾ [ਉਸ ਅਪਾਤਰ ਕਿਰਪਾ ਅਤੇ ਦਯਾ] ਨਾਲ ਉਸ ਨਿਸਤਾਰੇ ਦੇ ਕਾਰਨ ਜੋ ਮਸੀਹ ਯਿਸੂ ਤੋਂ [ਦਿੱਤਾ ਜਾਂਦਾ] ਹੁੰਦਾ ਹੈ ਉਹ {ਸਾਰੇ} ਮੁਖ਼ਤ ਧਰਮੀ ਗਿਣੇ ਜਾਂਦੇ ਹਨ।
>
> —ਰੋਮੀਆਂ 3:23-24

ਯਿਸੂ ਨੇ ਪਹਿਲਾਂ ਹੀ ਤੁਹਾਡੇ ਪਾਪਾਂ ਲਈ ਭੁਗਤਾਨ ਕਰ ਦਿੱਤਾ ਹੈ: ਸਿਰਫ਼ ਤੁਹਾਨੂੰ ਇਹ ਕਰਨ ਦੀ ਲੋੜ ਹੈ ਇਸ ਤੇ ਵਿਸ਼ਵਾਸ ਕਰੋ ਅਤੇ ਇਸ ਨੂੰ ਸਵੀਕਾਰ ਕਰ ਲਉ। ਜੇਕਰ ਤੁਸੀਂ ਤੁਹਾਡੇ ਪਾਪਾਂ ਨੂੰ ਸਵੀਕਾਰ ਕਰੋਗੇ, ਉਨ੍ਹਾਂ

ਲਈ ਦੁਖੀ ਹੋਵੋਗੇ, ਅਤੇ ਉਨ੍ਹਾਂ ਤੋਂ ਮੁੜਨ ਦੇ ਪੂਰੇ ਇਛੁੱਕ ਹੋਵੋਗੇ, ਪਰਮੇਸ਼ੁਰ ਤੁਹਾਨੂੰ ਮਾਫ਼ ਕਰੇਗਾ ਅਤੇ ਤੁਹਾਨੂੰ ਇੱਕ ਨਵਾਂ ਵਿਅਕਤੀ ਬਣਾਵੇਗਾ।

> ਜੇ ਅਸੀਂ ਆਪਣੇ ਪਾਪਾਂ ਦਾ [ਅਜ਼ਾਦੀ ਨਾਲ] ਇਕਰਾਰ ਕਰੀਏ ਕਿ ਅਸੀਂ ਪਾਪ ਕੀਤਾ ਹੈ ਤਾਂ ਉਹ ਵਫ਼ਾਦਾਰ ਅਤੇ ਧਰਮੀ (ਉਸ ਦੇ ਆਪਣੇ ਸੁਭਾਅ ਅਤੇ ਵਾਇਦਿਆਂ ਲਈ ਸੱਚਾ) ਹੈ ਭਈ [ਨਿਰੰਤਰ] ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ [ਸਭ ਕੁਝ ਜੋ ਉਸ ਦੀ ਇੱਛਾ, ਵਿਚਾਰ ਅਤੇ ਕਿਰਿਆ ਦੇ ਅਨੁਰੂਪ ਨਹੀਂ ਹੈ]
>
> —1 ਯੂਹੰਨਾ 1:9

ਸਾਨੂੰ ਪਰਮੇਸ਼ੁਰ ਦੇ ਕੁਝ ਕਰਨ ਲਈ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੈ। ਉਸ ਨੇ ਪਹਿਲਾਂ ਜੀ ਜੋ ਕੀਤੇ ਜਾਣ ਦੀ ਲੋੜ ਸੀ ਕਰ ਦਿੱਤਾ ਹੈ। ਉਸ ਨੇ ਸਾਡੇ ਸਥਾਨ ਤੇ ਮਰਨ ਲਈ ਉਸ ਦਾ ਇਕਲੌਤਾ ਪੁੱਤ੍ਰ ਦਿੱਤਾ ਕਿਉਂ ਜੋ ਸਿਰਫ਼ ਇੱਕ ਸਿੱਧ ਅਤੇ ਪਾਪਰਹਿਤ ਬਲੀਦਾਨ ਹੀ ਸਾਡੇ ਬੁਰੇ ਕੰਮਾਂ ਦੇ ਭੁਗਤਾਨ ਲਈ ਪੇਸ਼ ਕੀਤਾ ਜਾ ਸਕਦਾ ਹੈ। ਨਿਆਂ ਸੰਤੁਸ਼ਟ ਕੀਤਾ ਗਿਆ ਹੈ, ਅਤੇ ਅਸੀਂ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਨ ਦੁਆਰਾ ਅਤੇ ਉਸ ਰਾਹੀਂ ਪਰਮੇਸ਼ੁਰ ਨਾਲ ਇੱਕ ਕਰੀਬੀ ਸੰਬੰਧ ਵਿੱਚ ਦਾਖ਼ਲ ਹੋਣ ਦੁਆਰਾ ਅਜ਼ਾਦ ਹੋ ਸਕਦੇ ਹਾਂ। ਅਸੀਂ ਆਪਣੇ ਆਪ ਹੀ ਪਰਮੇਸ਼ੁਰ ਕੋਲ ਨਹੀਂ ਜਾ ਸਕਦੇ ਹਾਂ—ਸਾਨੂੰ ਇੱਕ ਵਿਚੋਲੇ ਦੀ ਲੋੜ ਹੈ। ਸਾਨੂੰ ਕਿਸੇ ਦੇ ਵਿੱਚਕਾਰ ਹੋਣ ਦੀ ਲੋੜ ਹੈ, ਅਤੇ ਉਹ ਕੋਈ ਯਿਸੂ ਹੈ। ਯਿਸੂ ਸਾਡੇ ਅਤੇ ਪਰਮੇਸ਼ੁਰ ਵਿੱਚਕਾਰ ਖਾਲੀ ਸਥਾਨ ਵਿੱਚ ਖੜਾ ਹੋਇਆ, ਖਾਲੀ ਸਥਾਨ ਜੋ ਸਾਡੇ ਪਾਪ ਨੇ ਪੈਦਾ ਕੀਤਾ ਸੀ, ਅਤੇ ਉਹ ਸਾਨੂੰ ਪਰਮੇਸ਼ੁਰ ਕੋਲ ਲਿਆਉਂਦਾ ਹੈ।

ਉਵੇਂ ਹੀ ਜਿਵੇਂ ਕਿ ਇੱਕ ਬੱਚੇ ਅੰਦਰ ਉਸ ਦਾ ਪਿਤਾ ਹੁੰਦਾ ਹੈ (ਉਸ ਦਾ ਲਹੂ, ਉਸ ਦਾ ਡੀ.ਐਨ.ਏ, ਕਰੋਸੋਸੈਮ ਆਦਿ), ਇਸ ਤਰ੍ਹਾਂ ਪਰਮੇਸ਼ੁਰ ਉਸ ਨਾਲ ਸੰਸਾਰ ਦਾ ਵਾਪਸ ਮੇਲ ਕਰਾਉਣ ਲਈ ਮਸੀਹ ਵਿੱਚ ਸੀ। ਪਰਮੇਸ਼ੁਰ

ਲੋਕਾਂ ਨਾਲ ਪਿਆਰ ਕਰਦਾ ਜੋ ਉਸ ਨੇ ਬਣਾਏ ਹਨ, ਅਤੇ ਉਹ ਉਨ੍ਹਾਂ ਨੂੰ ਬਾਹਰ ਜਾਣ ਲਈ ਬਿਨ੍ਹਾਂ ਇੱਕ ਰਾਹ ਦਿੱਤੇ ਗੁਲਾਮੀ ਵਿੱਚ ਵੇਚੇ ਜਾਣ ਨੂੰ ਵੇਖਣ ਦਾ ਅਣਇਛੁੱਕ ਹੈ। ਯਿਸੂ ਰਾਹ ਹੈ।

## ਪਾਪ ਇੱਕ ਸਰਾਪ ਨੂੰ ਲਿਆਉਂਦਾ ਹੈ

ਪਰਮੇਸ਼ੁਰ ਦਾ ਵਚਨ ਆਖਦਾ ਹੈ ਕਿ ਸਾਡਾ ਪਾਪ ਸਾਡੇ ਉੱਤੇ ਆ ਪਵੇਗਾ (ਮੱਤੀ 32:23)। ਪਾਪ ਇੱਕ ਸਰਾਪ ਨੂੰ ਲਿਆਉਂਦਾ ਅਤੇ ਆਗਿਆਕਾਰੀ ਬਰਕਤਾਂ ਨੂੰ ਲਿਆਉਂਦੀ ਹੈ (ਬਿਵਸਥਾ ਸਾਰ 28) ਪ ਇੱਕ ਸਮੇਂ ਲਈ ਇਹ ਇਸ ਤਰ੍ਹਾਂ ਜਾਪ ਸਕਦਾ ਇੱਕ ਵਿਅਕਤੀ ਤੇ ਉਨ੍ਹਾਂ ਦਾ ਪਾਪ ਆ ਪੈ ਰਿਹਾ ਹੈ। ਉਨ੍ਹਾਂ ਦਾ ਜੀਵਨ ਕਿਸੇ ਹੋਰ ਵਾਂਙ ਹੀ ਚੰਗਾ ਪ੍ਰਤੀਤ ਹੋ ਸਕਦਾ ਹੈ, ਪਰ ਅੰਤ ਵਿੱਚ ਜੋ ਚੋਣਾਂ ਉਨ੍ਹਾਂ ਕੀਤੀਆਂ ਹਨ ਦਾ ਸਦਾ ਸਬੂਤ ਉੱਥੇ ਹੋਵੇਗਾ।

ਜਦੋਂ ਅਸੀਂ ਇੱਕ ਪਾਪ ਦੇ ਜੀਵਨ ਨੂੰ ਚੁਣਦੇ ਹਾਂ, ਇਸ ਦੀ ਬਜਾਏ ਕਿ ਪਰਮੇਸ਼ੁਰ ਲਈ ਇੱਕ ਆਗਿਆਕਾਰੀ ਦਾ ਜੀਵਨ, ਅਸੀਂ ਆਪਣੇ ਪ੍ਰਾਣਾ ਵਿੱਚ ਲਾਚਾਰੀ ਦਾ ਸਾਹਮਣਾ ਕਰਦੇ ਹਾਂ। ਮਨੁੱਖ ਇੱਕ ਮਾਸ ਅਤੇ ਹੱਡਿਆਂ ਤੋਂ ਬਣੇ ਸ਼ਰੀਰ ਨਾਲੋਂ ਵੱਧ ਕੇ ਹੈ। ਉਹ ਇੱਕ ਆਤਮਾ ਹੈ ਅਤੇ ਉਸ ਕੋਲ ਇੱਕ ਪ੍ਰਾਣ ਹੈ ਜੋ ਕਿ ਮਨ, ਇੱਛਾ, ਅਤੇ ਭਾਵਨਾਵਾਂ ਦਾ ਇੱਕ ਮੇਲ ਹੈ। ਇਹ ਮਨੁੱਖ ਦਾ ਵਿਅਕਤੀਤੱਵ ਹੈ। ਪਾਪੀ ਉਨ੍ਹਾਂ ਦੇ ਮਨ ਵਿੱਚ ਦੁੱਖ ਝੱਲਦੇ ਹਨ। ਉਹ ਦਿਮਾਗੀ ਕਸ਼ਟ ਨਾਲ ਭਰੇ ਹੁੰਦੇ ਹਨ, ਅਤੇ ਇਸ ਨਾਲ ਕੋਈ ਫ਼ਰਕ ਨਹੀਂ ਕਿ ਉਹ ਕੀ ਕਰਦੇ, ਜਾਂ ਕੀ ਉਨ੍ਹਾਂ ਕੋਲ ਹੈ, ਇੱਥੇ ਕੁਝ ਨਹੀਂ ਹੈ ਜੋ ਪੂਰੀ ਤਰ੍ਹਾਂ ਉਨ੍ਹਾਂ ਨੂੰ ਸੰਤੁਸ਼ਟ ਕਰਦਾ ਹੈ। ਉਹ ਭਾਵਨਾਤਮਕ ਦੁੱਖ ਝੱਲਦੇ ਹਨ। ਕਿਉਂ ਜੋ ਉਨ੍ਹਾਂ ਨੇ ਓਹਨਾਂ ਦੇ ਆਪਣੇ ਜੀਵਨਾਂ ਨੂੰ ਚਲਾਉਣ ਦੀ ਯੋਜਨਾ ਬਣਾਈ ਹੈ, ਉਹ ਉਦੋਂ ਕ੍ਰੋਧਿਤ ਅਤੇ ਅਸਫ਼ਲ ਬਣ ਜਾਂਦੇ ਹਨ (ਭਾਵਨਾਤਮਕ ਰੂਪ ਵਿੱਚ ਪਰੇਸ਼ਾਨ) ਜਦੋਂ ਹਾਲਾਤ ਉਨ੍ਹਾਂ ਦੇ ਢੰਗ ਅਨੁਸਾਰ ਨਹੀਂ ਹੁੰਦੇ ਹਨ। ਉਹ ਵਿਸ਼ਵਾਸ

ਦੇ ਰਾਹ ਬਾਰੇ ਕੁਝ ਨਹੀਂ ਜਾਣਦੇ ਹਨ। ਪਰਮੇਸ਼ੁਰ ਤੇ ਭਰੋਸਾ ਕਰਨਾ—ਆਪਣੇ ਆਪ ਨਾਲੋਂ ਇੱਕ ਜਿਆਦਾ ਵੱਡੀ ਸ਼ਕਤੀ—ਉਨ੍ਹਾਂ ਲਈ ਅਨੰਤ ਅਸੀਮ ਹੈ। ਉਹ ਉਨ੍ਹਾਂ ਦੇ ਪ੍ਰਾਣਾਂ ਵਿੱਚ ਕਦੀ ਵੀ ਅਰਾਮ ਵਿੱਚ ਦਾਖ਼ਲ ਨਹੀਂ ਹੁੰਦੇ ਹਨ ਕਿਉਂ ਜੋ ਇੱਕ ਵਿਅਕਤੀ ਪਰਮੇਸ਼ੁਰ ਦੇ ਅਰਾਮ ਵਿੱਚ ਸਿਰਫ਼ ਉਸ ਵਿੱਚ ਵਿਸ਼ਵਾਸ ਕਰਨ ਰਾਹੀਂ ਹੀ ਦਾਖ਼ਲ ਹੋ ਸਕਦਾ ਹੈ (ਇਬਰਾਨੀਆਂ 4:3)।

ਹਾਂ, ਪਾਪ ਦਾ ਜੀਵਨ ਸਰਾਪਾਂ ਨਾਲ ਭਰਿਆ ਇੱਕ ਜੀਵਨ ਹੈ। ਕੁਝ ਵੀ ਚੰਗਾ ਇਸ ਤੋਂ ਨਹੀਂ ਆਉਂਦਾ ਹੈ। ਇਹੋ ਹੀ ਪਰਮੇਸ਼ੁਰ ਉਸ ਵਿਅਕਤੀ ਦੇ ਨਤੀਜ਼ੇ ਬਾਰੇ ਆਖਦਾ ਹੈ ਜੋ ਉਸ ਤੋਂ ਬਿਨ੍ਹਾਂ ਰਹਿਣ ਦੀਆਂ ਕੋਸ਼ਿਸ਼ਾਂ ਕਰਦਾ ਹੈ:

> ਮੈਂ ਆਦਮੀਆਂ ਉੱਤੇ ਖੇਚਲ ਲਿਆਵਾਂਗਾ, ਅਤੇ ਓਹ ਅੰਨ੍ਹਿਆਂ ਵਾਂਙੁ ਤੁਰਨਗੇ, ਕਿਉਂ ਜੋ ਉਨ੍ਹਾਂ ਨੇ ਯਹੋਵਾਹ ਦਾ ਪਾਪ ਕੀਤਾ, ਅਤੇ ਉਨ੍ਹਾਂ ਦਾ ਲਹੂ ਘੱਟੇ ਵਾਂਙੁ ਸੱਟਿਆ ਜਾਵੇਗਾ, ਅਤੇ ਉਨ੍ਹਾਂ ਦਾ ਮਾਸ ਬਿਸ਼ਟੇ ਵਾਂਙੁ।
>
> ਨਾ ਓਹਨਾ ਦਾ ਸੋਨਾ ਨਾ ਓਹਨਾਂ ਦੀ ਚਾਂਦੀ ਓਹਨਾਂ ਨੂੰ ਪ੍ਰਭੂ ਦੇ ਕ੍ਰੋਧ ਤੋਂ ਅਤੇ ਨਰਾਜ਼ਗੀ ਤੋਂ ਨਾ ਛੁਡਾਵੇਗੀ, ਪਰ ਉਹ ਦੀ ਅਣਖ ਦੀ ਅੱਗ ਨਾਲ ਸਾਰੀ ਧਰਤੀ ਭਸਮ ਹੋ ਜਾਵੇਗੀ, ਕਿਉਂ ਜੋ ਉਹ ਪੂਰਾ ਅੰਤ, ਹਾਂ ਧਰਤੀ ਦੇ ਸਭ ਵਾਸੀਆਂ ਦਾ ਅਚਾਣਕ ਅੰਤ ਕਰ ਦੇਵੇਗਾ
>
> —ਸਫ਼ਨਯਾਹ 1:17-18

ਇਹ ਪਵਿੱਤ੍ਰ ਵਚਨ ਡਰਾਉਣੇ ਹਨ, ਪਰ ਉਨ੍ਹਾਂ ਨੂੰ ਯਿਸੂ ਮਸੀਹ ਵਿੱਚ ਇੱਕ ਗੰਭੀਰ ਵਿਸ਼ਵਾਸੀ ਦੇ ਦਿਲ ਵਿੱਚ ਭਰਨ ਦੀ ਲੋੜ ਨਹੀਂ ਹੈ। ਉਹ ਜਿਹੜੇ ਯਿਸੂ ਵਿੱਚ ਵਿਸ਼ਵਾਸ ਕਰਦੇ ਹਨ ਕਦੀ ਵੀ ਨਿਆਂ ਜਾ ਸਜ਼ਾ ਲਈ ਉਤਾਂਹ ਨਹੀਂ ਆਉਣਗੇ (ਯੂਹੰਨਾ 3:18)।

# ਅਪਰਾਧ ਅਤੇ ਸਜ਼ਾ

ਅਪਰਾਧ ਪਾਪੀ ਦਾ ਨਿਰੰਤਰ ਸਾਥੀ ਹੈ। ਉਹ ਇਸ ਨੂੰ ਨਜ਼ਰਅੰਦਾਜ ਕਰਨ ਲਈ ਭਿੰਨ ਭਿੰਨ ਗੱਲਾਂ ਕਰ ਸਕਦਾ ਹੈ, ਪਰ ਅੰਦਰ ਡੂੰਘਾਈ ਵਿੱਚ ਉਹ ਜਾਣਦਾ ਹੈ ਕਿ ਉਸ ਦਾ ਜੀਵਨ ਸਹੀ ਨਹੀਂ ਹੈ। ਯਿਸੂ ਨੇ ਕਿਹਾ ਕਿ ਪਾਪੀ ਅਪਰਾਧ ਤੋਂ ਬਚਣ ਦੇ ਅਯੋਗ ਹਨ (ਯੂਹੰਨਾ 9:41)।

ਬਾਈਬਲ ਪੁਰਾਣੇ ਨੇਮ ਅਤੇ ਨਵੇਂ ਨਿਯਮ ਵਿੱਚ ਵੰਡੀ ਹੋਈ ਹੈ। ਪੁਰਾਣਾ ਨੇਮ ਸਿਰਫ਼ ਇਹ "ਪੁਰਾਣਾ" ਹੈ। ਇਹ ਇੱਕ ਪੁਰਾਣੇ ਨੇਮ ਦਾ ਪ੍ਰਤੀਨਿਧ ਕਰਦਾ ਹੈ, ਇੱਕ ਉਹ ਜੋ ਪਰਮੇਸ਼ੁਰ ਨੇ ਲੋਕਾਂ ਦੇ ਪਾਪਾਂ ਨੂੰ ਢੱਕਣ ਲਈ ਪ੍ਰਯੋਗ ਕੀਤਾ ਜਦ ਤੱਕ ਕਿ ਯਿਸੂ ਦੇ ਇੱਕ ਨਵਾਂ ਨੇਮ ਨੂੰ ਸਥਾਪਿਤ ਕਰਨ ਦਾ ਸਮਾਂ ਨਹੀਂ ਆਇਆ। ਪਾਪਾਂ ਲਈ ਬਲੀਦਾਨ ਕਰਨ ਦੀ ਇੱਕ ਪ੍ਰਣਾਲੀ ਦਾ ਪਾਲਨ ਕਰਨ ਦੁਆਰਾ, ਲੋਕਾਂ ਦੇ ਪਾਪ ਢੱਕੇ ਜਾ ਸਕਦੇ ਹਨ ਪਰ ਕਦੀ ਵੀ ਦੂਰ ਨਹੀਂ ਕੀਤੇ ਜਾ ਸਕਦੇ ਸਨ। ਅਪਰਾਧ ਸਦਾ ਮੌਜੂਦ ਸੀ। ਇਸ ਤਰ੍ਹਾਂ, ਨਵੇਂ ਨੇਮ ਵਿੱਚ, ਨਵੇਂ ਨੇਮ ਦੇ ਅਧੀਨ ਸਾਡੇ ਕੋਲ ਇੱਕ ਸਿੱਧ ਅਤੇ ਅੰਤਿਮ ਬਲੀਦਾਨ ਹੈ ਜਿਹੜਾ ਪਾਪ ਨੂੰ ਨਹੀਂ ਢੱਕਦਾ ਹੈ, ਪਰ ਇਸ ਨੂੰ ਪੂਰੀ ਤਰ੍ਹਾਂ ਦੂਰ ਕਰ ਦਿੰਦਾ ਹੈ। ਇਹ ਸਿਰਫ਼ ਪਾਪ ਨੂੰ ਹੀ ਦੂਰ ਨਹੀਂ ਕਰਦਾ ਪਰ ਜਿਹੜੀ ਦੋਸ਼ ਭਾਵਨਾ ਉਸ ਨਾਲ ਆਉਂਦੀ ਉਸ ਨੂੰ ਵੀ ਹਟਾ ਦਿੰਦਾ ਹੈ।

ਕਿਰਪਾ ਕਰਕੇ ਹੇਠਾਂ ਦਿੱਤੇ ਬਚਨਾ ਨੂੰ ਹੌਲੀ ਹੌਲੀ ਪੜ੍ਹੋ ਅਤੇ ਜੋ ਉਹ ਕਹਿ ਰਿਹਾ ਉਨ੍ਹਾਂ ਦੀ ਸ਼ਕਤੀ ਤੇ ਵਿਚਾਰ ਕਰੋ। ਉਹ ਸਾਰੇ ਇਬਰਾਨੀਆਂ 10 ਵਿੱਚੋਂ ਲਏ ਗਏ ਹਨ।

> ਅਤੇ ਉਸ ਇੱਛਿਆ ਕਰਕੇ [ਪਰਮੇਸ਼ੁਰ ਦੀ] ਅਸੀਂ ਯਿਸੂ ਮਸੀਹ ਦੇ ਦੇਹੀ ਦੇ ਇੱਕੋ ਵਾਰ ਯਿਸੂ ਦੀ ਦੇਹ ਦੇ ਚੜ੍ਹਾਏ ਜਾਣ ਦੇ ਰਾਹੀਂ ਪਵਿੱਤਰ

[ਸ਼ੁੱਧ ਅਤੇ ਸਾਫ਼ ਕੀਤੇ] ਕੀਤੇ ਗਏ ਹਾਂ। —ਇਬਰਾਨੀਆਂ 10:10 (ਬਲ ਮੈਂ ਦਿੱਤਾ ਹੈ)

ਪਰ ਏਹ ਪਾਪਾਂ ਦੇ ਬਦਲੇ ਇੱਕੋ [ਮਸੀਹ] ਬਲੀਦਾਨ ਸਦਾ ਲਈ ਚੜ੍ਹਾ ਕੇ [ਜਿਹੜਾ ਉਪਲਬੱਧ ਹੋਵੇਗਾ] ਪਰਮੇਸ਼ੁਰ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ। —ਇਬਰਾਨੀਆਂ 10:12

ਏਹ ਓਹ ਨੇਮ [ਸਹਿਮਤੀ, ਪ੍ਰਤੀਗਿਆ] ਹੈ ਜਿਹੜਾ ਮੈਂ ਓਹਨਾਂ ਨਾਲ ਬੰਨ੍ਹਾਂਗਾ, ਉਨ੍ਹਾਂ ਦਿਨਾਂ ਦੇ ਮਗਰੋਂ, ਪ੍ਰਭੂ ਆਖਦਾ ਹੈ, - ਮੈਂ ਆਪਣਾ ਕਾਨੂੰਨ ਓਹਨਾਂ ਦਿਆਂ ਹਿਰਦਿਆਂ ਉੱਤੇ ਪਾਵਾਂਗਾ, ਅਤੇ ਓਹਨਾਂ ਦਿਆਂ ਮਨਾਂ (ਉਨ੍ਹਾਂ ਦੇ ਅੰਦਰੂਨੀ ਵਿਚਾਰਾਂ ਅਤੇ ਸਮਝ ਤੇ) ਉੱਤੇ ਉਨ੍ਹਾਂ ਨੂੰ ਲਿਖਾਂਗਾ।

ਉਹ ਤਦ ਅੱਗੇ ਆਖਦਾ ਜਾਂਦਾ ਹੈ ਅਤੇ ਓਹਨਾਂ ਦੇ ਪਾਪਾਂ ਨੂੰ ਅਤੇ ਓਹਨਾਂ ਦੀਆਂ ਬਦਕਾਰੀਆਂ ਨੂੰ ਫੇਰ ਕਦੇ ਚੇਤੇ ਨਾ ਕਰਾਂਗਾ।

—ਇਬਰਾਨੀਆਂ 10:16-17

ਤਾਂ ਆਓ, ਅਸੀਂ ਸੱਚੇ ਦਿਲ (ਈਮਾਨਦਾਰ ਅਤੇ ਗੰਭੀਰ) ਅਤੇ ਪੂਰੀ ਨਿਹਚਾ ਨਾਲ ਜਦੋਂ ਸਾਡੇ ਦਿਲ ਅਸ਼ੁੱਧ [ਬੁਰਾਈ] ਅੰਤਹਕਰਨ ਤੋਂ ਛਿੜਕਾਉ ਨਾਲ (ਉਹ ਪੂਰਣ ਮਨੁੱਖੀ ਵਿਅਕਤੀਤੱਵ ਨੂੰ ਪਰਮੇਸ਼ੁਰ, ਉਸ ਪੂਰਣ ਭਰੋਸੇ ਵਿੱਚ ਅਤੇ ਉਸ ਦੀ ਸ਼ਕਤੀ, ਬੁੱਧੀ, ਅਤੇ ਭਲਿਆਈ ਕਰਦੇ ਸੌਂਪ ਦੇਣ ਦੁਆਰਾ) ਸ਼ੁੱਧ ਹੋਏ ਅਤੇ ਸਾਡੀ ਦੇਹੀ ਪਾਣੀ ਨਾਲ ਨੁਲ੍ਹਾਈ ਗਈ ਨੇੜੇ ਜਾਈਏ। —ਇਬਰਾਨੀਆਂ 10:22

ਇਹ ਪਵਿੱਤ੍ਰ ਵਚਨ ਸਾਨੂੰ ਬਹੁਤ ਸਾਰੇ ਮਹੱਤਵਪੂਰਨ ਅਤੇ ਸੁੰਦਰ ਗੱਲਾਂ ਨੂੰ ਸੂਚਿਤ ਕਰਦੇ ਹਨ। ਪਹਿਲਾਂ ਇਹ ਕਿ ਯਿਸੂ ਇੱਕ ਵਾਰ ਅਤੇ ਸਾਰੀਆਂ ਲਈ ਬਲੀਦਾਨ ਬਣ ਗਿਆ, ਅਤੇ ਇੱਥੇ ਕੋਈ ਬਲੀਦਾਨ ਨਹੀਂ ਜਿਸ ਨੂੰ ਇਸ

ਵਿੱਚ ਕਦੇ ਸ਼ਾਮਿਲ ਕੀਤੇ ਜਾਣ ਦੀ ਲੋੜ ਹੈ। ਪੁਰਾਣੇ ਨੇਮ ਦੇ ਅਧੀਨ, ਬਲੀਦਾਨ ਵਾਰ ਵਾਰ ਚੜ੍ਹਾਉਣੇ ਪੈਂਦੇ ਸਨ ਪਰ ਫਿਰ ਵੀ ਉਹ ਕਦੇ ਵੀ ਅਪਰਾਧ ਨੂੰ ਦੂਰ ਨਹੀਂ ਕਰਦੇ ਸਨ। ਯਿਸੂ ਇੱਕ ਬਲੀਦਾਨ ਬਣ ਗਿਆ ਜੋ ਹਰ ਸਮੇਂ ਲਈ ਚੰਗਾ ਹੈ ਅਤੇ ਪਾਪ ਅਤੇ ਦੋਸ਼ ਭਾਵਨਾ ਨੂੰ ਦੂਰ ਕਰਦੇ ਹਨ।

ਅਪਰਾਧ ਕਾਨੂੰਨੀ ਰੂਪ ਨਾਲ ਦੂਰ ਕੀਤਾ ਜਾਂਦਾ ਹੈ, ਪਰ ਇੱਕ ਵਿਅਕਤੀ ਨੂੰ ਅਜੇ ਵੀ ਸਿੱਖਣ ਦੀ ਲੋੜ ਹੈ ਕਿ ਦੋਸ਼ ਦੀ ਭਾਵਨਾ ਤੋਂ ਅਜ਼ਾਦ ਜੀਵਨ ਕਿਵੇਂ ਜੀਉਣਾ ਹੈ। ਅਸਲ ਵਿੱਚ, ਮਸੀਹ ਲਈ ਜੀਉਣ ਦਾ ਨਵਾਂ ਜੀਵਨ ਮੰਗ ਕਰਦਾ ਕਿ ਇੱਕ ਉਨ੍ਹਾਂ ਦੀਆਂ ਭਾਵਨਾਵਾਂ ਦੇ ਦੂਜੇ ਪਾਸੇ ਰਹਿਣਾ ਸਿੱਖੇ। ਉਹ ਭਾਵਨਾਵਾਂ ਨੂੰ ਉਨ੍ਹਾਂ ਤੇ ਰਾਜ ਕਰਨ ਦੀ ਆਗਿਆ ਨਹੀਂ ਦੇ ਸਕਦੇ। ਉਨ੍ਹਾਂ ਨੂੰ ਪਰਮੇਸ਼ੁਰ ਦੇ ਵਚਨ ਨੂੰ ਸਿੱਖਣਾ ਚਾਹੀਦਾ ਅਤੇ ਇਸ ਦਾ ਆਗਿਆ ਪਾਲਣ ਕਰਨਾ ਚਾਹੀਦਾ ਹੈ, ਇਸ ਨਾਲ ਕੋਈ ਫ਼ਰਕ ਨਹੀਂ ਕਿ ਉਹ ਕਿਵੇਂ ਮਹਿਸੂਸ ਕਰਦੇ ਹਨ। ਇਹ ਆਗਿਆਕਾਰੀ ਦੀ ਜੀਵਨਸ਼ੈਲੀ ਤੁਲਨਾ ਤੋਂ ਪਰੇ ਬਰਕਤਾਂ ਵਿੱਚ ਲਿਆਉਂਦੀ ਹੈ।

ਅਧਿਆਏ 3

# ਇਹ ਸਮਰਪਣ ਦਾ ਸਮਾਂ ਹੈ

ਤੁਸੀਂ ਜਾਂ ਤਾਂ ਪਹਿਲਾ ਹੀ ਮਸੀਹ ਨੂੰ ਸਵੀਕਾਰ ਕਰ ਲਿਆ ਅਤੇ ਇਸ ਕਿਤਾਬ ਨੂੰ ਮਸੀਹ ਨਾਲ ਨਵਾਂ ਜੀਵਨ ਅਰੰਭ ਕਰਨ ਵਿੱਚ ਸਹਾਇਤਾ ਲਈ ਇਸ ਕਿਤਾਬ ਦੀ ਮੰਗ ਕੀਤੀ ਹੈ, ਜਾਂ ਇਹ ਕਿਤਾਬ ਤੁਹਾਨੂੰ ਦਿੱਤੀ ਗਈ ਅਤੇ ਆਸ ਅਨੁਸਾਰ ਤੁਸੀਂ ਹੁਣ ਫੈਸਲਾ ਕਰਨ ਲਈ ਤਿਆਰ ਹੋ।

ਯੂਹੰਨਾ 3:16: "ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤ੍ਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਤੇ ਨਿਹਚਾ ਕਰੇ ਨਾ ਨਾ ਹੋਵੇ ਪਰ ਸਦੀਪਕ ਜੀਉਣ ਪਵੇ।"

ਮੈਂ ਇੱਕ ਕਹਾਣੀ ਦੱਸਾਂਗੀ ਜੋ ਤੁਹਾਨੂੰ ਉਸ ਆਇਤ ਦੀ ਸ਼ਕਤੀ ਨੂੰ ਸਮਝਣ ਵਿੱਚ ਸਹਾਇਤਾ ਕਰੇਗੀ।

ਸ਼ਿਕਾਗੋ ਦੇ ਸ਼ਹਿਰ ਵਿੱਚ ਇੱਕ ਠੰਡੀ ਹਨ੍ਹੇਰੀ ਰਾਤ ਨੂੰ, ਇੱਕ ਬਰਫ਼ ਦਾ ਜ਼ੋਰਦਾਰ ਝੱਖੜ ਆ ਰਿਹਾ ਸੀ। ਇੱਕ ਕੌਨੇ ਵਿੱਚ ਛੋਟਾ ਲੜਕਾ ਅਖਬਾਰ ਵੇਚ ਰਿਹਾ ਸੀ। ਲੋਕ ਠੰਡ ਤੋਂ ਬਚਣ ਲਈ ਅੰਦਰ ਸਨ, ਅਤੇ ਛੋਟਾ ਲੜਕਾ ਇੰਨ੍ਹਾਂ ਠੰਡਾ ਸੀ ਕਿ ਉਹ ਬਹੁਤ ਸਾਰੀਆਂ ਅਖ਼ਬਾਰਾ ਨੂੰ ਵੇਚਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਸੀ, ਉਹ ਇੱਕ ਪੁਲਿਸ ਵਾਲੇ ਵੱਲ ਤੁਰ ਕੇ ਗਿਆ ਅਤੇ ਕਿਹਾ, "ਸਵਾਮੀ, ਕੀ ਤੁਸੀਂ ਜਾਣ ਸਕਦੇ ਹੋ ਇੱਕ ਗਰੀਬ ਲੜਕਾ ਅੱਜ ਰਾਤ ਸੌਣ ਲਈ ਕਿਤੇ ਇੱਕ ਨਿੱਘੇ ਸਥਾਨ ਨੂੰ ਲੱਭ ਸਕਦਾ ਹੈ, ਕੀ ਤੁਸੀਂ ਜਾਣਦੇ

ਹੋ? ਤੁਸੀਂ ਵੇਖੋ, ਮੈਂ ਕੋਨੇ ਅਤੇ ਤੰਗ ਗਲੀ ਉੱਪਰ ਇੱਕ ਡੱਬੇ ਤੇ ਸੌਂਦਾ ਹਾਂ, ਅਤੇ ਇਹ ਭਿਆਨਕ ਠੰਡ ਹੈ। ਇੱਕ ਨਿੱਘੇ ਸਥਾਨ ਦਾ ਰਹਿਣ ਲਈ ਹੋਣਾ ਨਿਸ਼ਚਿਤ ਬਹੁਤ ਚੰਗਾ ਹੋਵੇਗਾ।"

ਪੁਲਿਸ ਵਾਲੇ ਨੇ ਛੋਟੇ ਮੁੰਡੇ ਵੱਲ ਹੇਠਾਂ ਵੇਖਿਆ ਅਤੇ ਕਿਹਾ, "ਠੀਕ, ਮੈਂ ਤੈਨੂੰ ਦੱਸਾਂਗਾ ਕਿ ਕੀ ਕਰਨਾ ਹੈ, ਤੂੰ ਗਲੀ ਦੇ ਹੇਠਾਂ ਉਸ ਵੱਡੇ ਚਿੱਟੇ ਘਰ ਵਿੱਚ ਜਾ ਅਤੇ ਬੂਹਾ ਖੜਕਾਈਂ। ਜਦੋਂ ਉਹ ਬੂਹੇ ਤੇ ਬਾਹਰ ਆਉਣ, ਸਿਰਫ਼ ਕਹੀਂ, "ਯੂਹੰਨਾ 3:16" ਅਤੇ ਉਹ ਤੈਨੂੰ ਅੰਦਰ ਆਉਣ ਦੇਣਗੇ।"

ਇਸ ਤਰ੍ਹਾਂ ਲੜਕੇ ਨੇ ਕੀਤਾ। ਉਹ ਬੂਹੇ ਦੀਆਂ ਪੌੜੀਆਂ ਤੇ ਗਿਆ ਅਤੇ ਖੜਕਾਇਆ, ਅਤੇ ਇੱਕ ਔਰਤ ਖੋਲ੍ਹਣ ਲਈ ਆਈ। ਉਸ ਨੇ ਉੱਪਰ ਵੇਖਿਆ ਅਤੇ ਕਿਹਾ, "ਯੂਹੰਨਾ 3:16।"

ਔਰਤ ਨੇ ਕਿਹਾ, "ਅੰਦਰ ਆ ਜਾਉ।"

ਉਹ ਨੂੰ ਅੰਦਰ ਨੂੰ ਲੈ ਗਈ, ਇੱਕ ਵੱਡੀ ਅੱਗ ਦੇ ਸਥਾਨ ਦੇ ਸਾਹਮਣੇ ਇੱਕ ਪੱਥਰ ਦੀ ਚਟਾਨ ਤੇ ਬੈਠਾਇਆ, ਅਤੇ ਚਲੀ ਗਈ। ਉਹ ਕੁਝ ਦੇਰ ਉੱਥੇ ਬੈਠਾ ਰਿਹਾ, ਅਤੇ ਖੁਦ ਸੋਚਣ ਲੱਗਾ, *ਯੂਹੰਨਾ 3:16 - ਮੈਂ ਇਸ ਨੂੰ ਸਮਝਦਾ ਨਹੀਂ ਹਾਂ, ਪਰ ਇਹ ਨਿਸ਼ਚਿਤ ਇੱਕ ਠੰਡੇ ਲੜਕੇ ਨੂੰ ਨਿੱਘਾ ਕਰ ਸਕਦਾ ਹੈ।*

ਬਾਅਦ ਵਿੱਚ, ਉਹ ਵਾਪਸ ਆਈ ਅਤੇ ਉਸ ਨੂੰ ਪੁੱਛਿਆ, "ਕੀ ਤੈਨੂੰ ਭੁੱਖ ਲੱਗੀ ਹੈ?" ਉਸ ਨੇ ਕਿਹਾ, "ਹਾਂ ਥੋੜੀ ਜਿਹੀ। ਮੈਂ ਕੁਝ ਦਿਨਾਂ ਤੋਂ ਕੁਝ ਨਹੀਂ ਖਾਧਾ ਹੈ, ਅਤੇ ਮੇਰਾ ਅੰਦਾਜ਼ਾ ਹੈ ਕਿ ਮੈਂ ਥੋੜਾ ਜਿਹਾ ਭੋਜਨ ਲੈ ਸਕਦਾ ਹਾਂ।" ਔਰਤ ਉਸ ਨੂੰ ਰਸੋਈ ਵਿੱਚ ਲੈ ਗਈ, ਅਤੇ ਇੱਕ ਅਦਭੁੱਦ ਭੋਜਨ ਨਾਲ ਭਰੀ ਮੇਜ ਤੇ ਬੈਠਾ ਦਿੱਤਾ, ਅਤੇ ਉਸ ਨੇ ਆਪਣੇ ਆਪ ਵਿੱਚ ਸੋਚਿਆ, *ਯੂਹੰਨਾ 3:16 ਮੈਂ ਇਸ ਨੂੰ ਸਮਝਦਾ ਨਹੀਂ ਹਾਂ, ਪਰ ਇਹ ਨਿਸ਼ਚਿਤ ਇੱਕ ਭੁੱਖੇ ਲੜਕੇ ਨੂੰ ਰਜਾਉਂਦਾ ਹੈ।*

ਉਸ ਉਸ ਨੂੰ ਬਹੁਤ ਵੱਡੇ ਨਹਾਉਣ ਦੇ ਟੱਬ ਨੂੰ ਗਰਮ ਪਾਣੀ ਨਾਲ ਭਰੇ ਇੱਕ ਬਾਥਰੂਮ ਵਿੱਚ ਲੈ ਗਈ। ਉਹ ਉੱਥੇ ਬੈਠਿਆ ਅਤੇ ਕੁਝ ਸਮਾਂ ਲਈ ਅੰਦਰ ਰਿਹਾ। ਜਦੋਂ ਉਹ ਉਸ ਵਿੱਚ ਸੀ, ਉਸ ਨੇ ਖੁਦ ਵਿੱਚ ਸੋਚਿਆ, *ਯੂਹੰਨਾ 3:16 — ਮੈਂ ਇਸ ਨੂੰ ਸਮਝਦਾ ਨਹੀਂ ਹਾਂ, ਪਰ ਇਹ ਨਿਸ਼ਚਿਤ ਇੱਕ ਗੰਦੇ ਲੜਕੇ ਨੂੰ ਸਾਫ਼ ਬਣਾਉਂਦਾ ਹੈ।* ਔਰਤ ਅੰਦਰ ਆਈ, ਉਸ ਨੂੰ ਇੱਕ ਕਮਰੇ ਵਿੱਚ ਲੈ ਗਈ, ਉਸਨੂੰ ਇੱਕ ਪੁਰਾਣੇ ਖੰਭਾ ਦੇ ਬਿਸਤਰ ਵਿੱਚ ਲੁਕਾ ਦਿੱਤਾ, ਉਸ ਦੀ ਗਰਦਨ ਤੱਕ ਉਸ ਦੇ ਕੰਬਲ ਨੂੰ ਦਿੱਤਾ, ਅਤੇ ਉਸ ਨੂੰ ਚੁੰਮ ਕੇ ਗੁਡ ਨਾਇਟ ਆਖਿਆ। ਉਸ ਨੇ ਬੱਤੀ ਨੂੰ ਬੁਝਾ ਦਿੱਤਾ। ਜਦੋਂ ਉਹ ਹਨੇਰੇ ਵਿੱਚ ਲੇਟਿਆ ਹੋਇਆ ਸੀ, ਉਸ ਨੇ ਖਿੜਕੀ ਰਾਹੀਂ ਬਾਹਰ ਵੇਖਿਆ ਅਤੇ ਉਸ ਠੰਡ ਰਾਤ ਨੂੰ ਬਰਫ਼ ਨੂੰ ਪੈਂਦੇ ਵੇਖਿਆ। ਉਸ ਨੇ ਆਪਣੇ ਆਪ ਵਿੱਚ ਸੋਚਿਆ, *ਯੂਹੰਨਾ 3:16 — ਮੈਂ ਇਸ ਨੂੰ ਨਹੀਂ ਸਮਝਦਾ ਹਾਂ, ਪਰ ਇਹ ਇੱਕ ਥੱਕੇ ਹੋਏ ਲੜਕੇ ਨੂੰ ਨਿਸ਼ਚਿਤ ਅਰਾਮ ਕਰਨ ਵਾਲਾ ਬਣਾਉਂਦਾ ਹੈ।*

ਅਗਲੀ ਸਵੇਰ ਉਹ ਉਸ ਨੂੰ ਫਿਰ ਉਹੀ ਵੱਡੇ ਭੋਜਨ ਨਾਲ ਭਰੇ ਮੇਜ ਤੇ ਲੈ ਕੇ ਗਈ। ਉਸ ਦੇ ਖਾਣ ਤੋਂ ਬਾਅਦ, ਉਹ ਫਿਰ ਉਸ ਨੂੰ ਅੱਗ ਦੇ ਸਥਾਨ ਦੇ ਸਾਹਮਣੇ ਪੱਥਰ ਤੀ ਚਟਾਨ ਤੇ ਲੈ ਕੇ ਗਈ। ਉਸ ਨੇ ਇੱਕ ਬਾਈਬਲ ਲਈ, ਹੇਠਾਂ ਬੈਠੀ, ਅਤੇ ਉਸ ਨੂੰ ਕਿਹਾ, “ਕੀ ਤੁਸੀਂ ਯੂਹੰਨਾ 3:16 ਨੂੰ ਸਮਝਦੇ ਹੋ?” “ਨਹੀਂ ਮਾਂ, ਮੈਂ ਨਹੀਂ ਸਮਝਦਾ ਹਾਂ। ਪਹਿਲੀ ਵਾਰ ਜਦੋਂ ਮੈਂ ਇਸ ਨੂੰ ਸੁਣਿਆ ਇਹ ਪਿਛਲੀ ਰਾਤ ਸੀ ਜਦੋਂ ਪੁਲਿਸ ਵਾਲੇ ਨੇ ਮੈਨੂੰ ਇਸ ਦਾ ਪ੍ਰਯੋਗ ਕਰਨ ਲਈ ਕਿਹਾ।” ਉਸ ਨੇ ਬਾਈਬਲ ਵਿੱਚੋਂ ਯੂਹੰਨਾ 3:16 ਨੂੰ ਖੋਲ੍ਹਿਆ ਅਤੇ ਉਸ ਨੂੰ ਯਿਸੂ ਬਾਰੇ ਵਰਣਨ ਕਰ ਕੇ ਦੱਸਣ ਲੱਗੀ। ਠੀਕ ਉੱਥੇ ਉਸ ਅੱਗ ਦੇ ਸਥਾਨ ਦੇ ਸਾਹਮਣੇ, ਉਸ ਨੇ ਉਸ ਦਾ ਦਿਲ ਅਤੇ ਜੀਵਨ ਯਿਸੂ ਲਈ ਦੇ ਦਿੱਤਾ। ਉਹ ਉੱਥੇ ਬੈਠਾ ਅਤੇ ਸੋਚਿਆ, ਯੂਹੰਨਾ 3:16 – ਮੈਂ ਇਸ ਨੂੰ ਨਹੀਂ ਸਮਝਦਾ ਹਾਂ, ਪਰ ਇਹ ਇੱਕ ਇਹ ਨਿਸ਼ਚਿਤ ਇੱਕ ਲੜਕੇ ਨੂੰ ਸੁਰੱਖਿਅਤ ਮਹਿਸੂਸ ਕਰਾਉਂਦਾ ਹੈ। (ਲੇਖਕ ਅਣਜਾਣ)

## ਜੀਉਣ ਦਾ ਇੱਕ ਨਵਾਂ ਢੰਗ

ਹੁਣ ਜੇ ਤੁਸੀਂ ਪਰਮੇਸ਼ੁਰ ਨੂੰ ਯਿਸੂ ਮਸੀਹ ਉਸ ਦੇ ਪੁੱਤ੍ਰ ਨੂੰ ਤੁਹਾਡੇ ਪਾਪਾਂ ਲਈ ਇਕਲੌਤੇ ਭੁਗਤਾਨ ਵਜੋਂ ਸਵੀਕਾਰ ਕਰਨ ਦੁਆਰਾ ਤੁਹਾਡੇ ਜੀਵਨ ਦੇ ਸਮਰਪਣ ਲਈ ਤਿਆਰ ਹੋ, ਮੈਂ ਤੁਹਾਨੂੰ ਇਹ ਪ੍ਰਾਰਥਨਾ ਮੇਰੇ ਨਾਲ ਕਰਨ ਲਈ ਉਤਸਾਹਿਤ ਕਰਦੀ ਹਾਂ। ਸ਼ਬਦਾਂ ਨੂੰ ਉੱਚਾ ਦੁਹਰਾਉ ਅਤੇ ਉਨ੍ਹਾਂ ਹਰੇਕ ਨੂੰ ਸੁਣੋ ਤਾਂ ਜੋ ਉਹ ਵਿਅਕਤੀਗਤ ਤੁਹਾਡੇ ਲਈ ਅਰਥ ਰੱਖਣ।

*ਪਿਤਾ ਪਰਮੇਸ਼ੁਰ, ਮੈਂ ਤੈਨੂੰ ਪਿਆਰ ਕਰਦਾ ਹਾਂ। ਮੈਂ ਵਿਸ਼ਵਾਸ ਵਿਚ ਮੇਰੇ ਪਾਪਾਂ ਦੀ ਮਾਫ਼ੀ ਮੰਗਦਾ ਤੇਰੇ ਕੋਲ ਆਉਂਦਾ ਹਾਂ। ਯਿਸੂ ਮੈਂ ਤੁਹਾਡੇ ਵਿੱਚ ਵਿਸ਼ਵਾਸ ਰੱਖਦਾ ਹਾਂ, ਮੈਂ ਵਿਸ਼ਵਾਸ ਕਰਦਾ ਤੂੰ ਸਲੀਬ ਤੇ ਮੇਰੇ ਲਈ ਮਰ ਗਿਆ, ਤੂੰ ਆਪਣਾ ਨਿਰਦੋਸ਼ ਲਹੂ ਮੇਰੇ ਲਈ ਵਹਾਇਆ, ਤੂੰ ਮੇਰਾ ਸਥਾਨ ਲਿਆ ਅਤੇ ਉਹ ਸਾਰੀ ਸਜ਼ਾ ਜਿਸ ਦਾ ਮੈਂ ਹੱਕਦਾਰ ਸੀ। ਮੈਂ ਵਿਸ਼ਵਾਸ ਕਰਦਾ ਤੂੰ ਮਰ ਗਿਆ ਅਤੇ ਦਫ਼ਨਾਇਆ ਗਿਆ ਸੀ, ਅਤੇ ਤੀਜੇ ਦਿਨ ਤੂੰ ਮੁਰਦਿਆਂ ਵਿੱਚੋਂ ਜੀ ਉੱਠਿਆ। ਮੌਤ ਤੈਨੂੰ ਫੜ ਕੇ ਨਾ ਰੱਖ ਸਕੀ। ਤੂੰ ਸ਼ਤਾਨ ਨੂੰ ਜਿੱਤ ਲਿਆ ਅਤੇ ਉਸ ਤੋਂ ਨਰਕ ਅਤੇ ਮੌਤ ਦੀਆਂ ਕੁੰਜੀਆਂ ਲੈ ਲਈਆਂ ਹਨ। ਮੈਂ ਵਿਸ਼ਵਾਸ ਕਰਦਾ ਕਿ ਤੂੰ ਇਹ ਸਭ ਮੇਰੇ ਲਈ ਕੀਤਾ ਕਿਉਂਕਿ ਤੂੰ ਮੈਨੂੰ ਪਿਆਰ ਕਰਦਾ ਹੈ। ਮੈਂ ਇੱਕ ਮਸੀਹੀ ਹੋਣਾ ਚਾਹੁੰਦਾ ਹਾਂ। ਮੈਂ ਸਿੱਖਣਾ ਚਾਹੁੰਦਾ ਹਾਂ ਕਿ ਨਵੇਂ ਜੀਵਨ ਨੂੰ ਕਿਵੇਂ ਬਿਤਾਉਣਾ ਜਿਸ ਦਾ ਤੂੰ ਮੇਰੇ ਨਾਲ ਵਾਇਦਾ ਕੀਤਾ ਹੈ। ਯਿਸੂ, ਮੈਂ ਹੁਣ ਤੈਨੂੰ ਸਵੀਕਾਰ ਕਰਦਾ ਹਾਂ, ਅਤੇ ਮੈਂ ਆਪਣੇ ਆਪ ਨੂੰ ਤੈਨੂੰ ਦਿੰਦਾ ਹਾਂ, ਯਿਸੂ ਜਿਸ ਤਰ੍ਹਾਂ ਦਾ ਮੈਂ ਹਾਂ ਮੈਨੂੰ ਲੈ, ਅਤੇ ਮੈਨੂੰ ਉਹ ਬਣਾ ਜੋ ਤੂੰ ਮੈਨੂੰ ਬਣਾਉਣਾ ਚਾਹੁੰਦਾ ਹਾਂ।*

*ਯਿਸੂ, ਮੈਨੂੰ ਬਚਾਉਣ ਲਈ ਤੇਰਾ ਧੰਨਵਾਦ। ਮੈਨੂੰ ਆਪਣੀ ਪਵਿੱਤ੍ਰ ਆਤਮਾ ਨਾਲ ਭਰ ਅਤੇ ਜੋ ਵੀ ਮੈਨੂੰ ਜਾਨਣ ਦੀ ਲੋੜ ਹੈ ਮੈਨੂੰ ਸਿਖਾ। ਹੁਣ ਮੈਂ ਵਿਸ਼ਵਾਸ ਕਰਦਾ ਹਾਂ ਕਿ ਮੈਂ ਬਚਾਇਆ ਗਿਆ ਹਾਂ, ਮੈਂ ਨਵਾਂ ਜਨਮ ਪ੍ਰਾਪਤ ਕਰ ਲਿਆ ਹੈ, ਅਤੇ ਜਦੋਂ ਮੈਂ ਮਰਾਂਗਾ ਮੈਂ ਸਵਰਗ ਵਿੱਚ ਜਾਵਾਂਗਾ। ਪਿਤਾ ਪਰਮੇਸ਼ੁਰ, ਮੈਂ ਆਪਣੀ ਯਾਤਰਾ ਦਾ ਅਨੰਦ ਲੈਣ ਅਤੇ ਤੇਰੇ ਲਈ ਜੀਉਣ ਜਾ ਰਿਹਾ ਹਾਂ।*

## ਇਹ ਸਮਰਪਣ ਦਾ ਸਮਾਂ ਹੈ

ਜੇਕਰ ਤੁਸੀਂ ਇਹ ਪ੍ਰਾਰਥਨਾ ਗੰਭੀਰਤਾ ਨਾਲ ਕੀਤੀ ਹੈ, ਤੁਸੀਂ ਜੀਵਨ ਦਾ ਸਭ ਤੋਂ ਮਹੱਤਵਪੂਰਨ ਫੈਸਲਾ ਕੀਤਾ ਹੈ। ਇਸ ਨਾਲ ਕੋਈ ਫ਼ਰਕ ਨਹੀਂ ਕਿ ਤੁਸੀਂ ਕਿਵੇਂ ਮਹਿਸੂਸ ਕਰਦੇ, ਪਰਮੇਸ਼ੁਰ ਨੇ ਤੁਹਾਡੀ ਪ੍ਰਾਰਥਨਾ ਸੁਣ ਲਈ, ਅਤੇ ਇਸ ਦਾ ਉੱਤਰ ਦਿੱਤਾ ਹੈ। ਤੁਸੀਂ ਸ਼ਾਂਤੀ ਜਾਂ ਅਨੰਦ, ਅਰਾਮ ਜਾਂ ਅਜ਼ਾਦੀ ਮਹਿਸੂਸ ਕਰ ਸਕਦੇ, ਅਤੇ ਤੁਸੀਂ ਇਸ ਸਮੇਂ ਹੋ ਸਕਦਾ ਕੁਝ ਵੀ ਮਹਿਸੂਸ ਨਾ ਕਰੋ। ਆਪਣੀਆਂ ਭਾਵਨਾ ਨੂੰ ਤੁਹਾਡੇ ਜੀਵਨ ਵਿੱਚ ਹੁਣ ਤੋਂ ਇੱਕ ਤਾਨਸ਼ਾਹ ਨਾ ਬਨਣ ਦਿਉ। ਪਰਮੇਸ਼ੁਰ ਦੇ ਵਚਨ ਤੇ ਵਿਸ਼ਵਾਸ ਕਰੋ, ਕਿਉਂਕਿ ਉਹ ਵਫ਼ਾਦਾਰ ਅਤੇ ਉਸ ਦੇ ਵਾਇਦਿਆਂ ਲਈ ਸੱਚਾ ਹੈ। ਉਸ ਨੇ ਕਿਹਾ:

> ਜੋ ਕੁਝ ਪਿਤਾ ਮੈਨੂੰ ਦਿੰਦਾ (ਸੌਂਪਦਾ) ਹੈ ਮੇਰੇ ਕੋਲ ਆਵੇਗਾ ਅਤੇ ਜੋ ਮੇਰੇ ਕੋਲ ਆਉਂਦਾ ਹੈ ਮੈਂ ਕਦੇ ਵੀ ਉਹ ਨੂੰ ਕੱਢ ਦਿਆਂਗਾ [ਮੈਂ ਕਦੇ ਵੀ, ਕਦੇ ਵੀ ਨਹੀਂ; ਉਨ੍ਹਾਂ ਵਿੱਚੋਂ ਇੱਕ ਨੂੰ ਵੀ ਰੱਦ ਨਹੀਂ ਕਰਾਂਗਾ ਜੋ ਮੇਰੇ ਕੋਲ ਆਉਂਦਾ ਹੈ] —ਯੂਹੰਨਾ 6:37

ਪਰਮੇਸ਼ੁਰ ਨੇ ਸਦਾ ਤੁਹਾਡੇ ਨਾਲ ਹੋਣ ਦਾ ਵਾਇਦਾ ਕੀਤਾ ਹੈ, ਇੱਥੋਂ ਤੱਕ ਕਿ ਦੁਨੀਆਂ ਦੇ ਅੰਤ ਤੀਕ। ਤੁਸੀਂ ਹੋ ਸਕਦਾ ਉਸ ਨੂੰ ਸਦਾ ਮਹਿਸੂਸ ਨਾ ਕਰੋ, ਪਰ ਉਹ ਹਰ ਸਮੇਂ, ਹਰ ਜਗ੍ਹਾ ਹੈ। ਉਸ ਦੀ ਅੱਖ ਹਮੇਸ਼ਾ ਤੁਹਾਡੇ ਤੇ ਹੈ ਅਤੇ ਉਹ ਪਰਵਾਹ ਨਾਲ ਤੁਹਾਡੀ ਨਿਗਰਾਨੀ ਕਰਦਾ ਹੈ। ਉਹ ਉਨ੍ਹਾਂ ਗੱਲਾਂ ਬਾਰੇ ਚਿੰਤਾ ਕਰਦਾ ਹੈ ਜੋ ਤੁਹਾਡੀ ਚਿੰਤਾਂ ਹਨ ਅਤੇ ਉਨ੍ਹਾਂ ਨੂੰ ਸਿੱਧ ਕਰਨ ਦਾ ਵਾਇਦਾ ਕੀਤਾ ਹੈ। ਉਸ ਨੇ ਤੁਹਾਡੇ ਅੰਦਰ ਇੱਕ ਭਲਾ ਕੰਮ ਅਰੰਭ ਕੀਤਾ ਹੈ ਅਤੇ ਉਸ ਇਸ ਨੂੰ ਖ਼ਤਮ ਕਰੇਗਾ ਅਤੇ ਇਸ ਨੂੰ ਪੂਰਾ ਕਰੇਗਾ (ਉਤਪਤ 28:15; ਜ਼ਬੂਰ 138:8; ਫਿਲਿੱਪੀਆਂ 1:6)।

ਵਧਾਈਆਂ ਹੋਣ, ਤੁਹਾਡੇ ਕੋਲ ਇੱਕ ਨਵਾਂ ਮਿੱਤਰ—ਯਿਸੂ—ਹੈ ਸਭ ਤੋਂ ਚੰਗਾ ਮਿੱਤਰ ਜੋ ਤੁਹਾਡਾ ਕਦੇ ਹੋਵੇਗਾ। ਤੁਸੀਂ ਕਿਸੇ ਵੀ ਅਤੇ ਸਭ ਕੁਝ ਬਾਰੇ ਉਸ ਨਾਲ ਗੱਲ ਕਰ ਸਕਦੇ ਹੋ ਕਿਉਂਕਿ ਉਹ ਹਮੇਸ਼ਾ ਤੁਹਾਨੂੰ ਸਮਝਦਾ ਹੈ

(ਇਬਰਾਨੀਆਂ 4:15)। ਉਹ ਕਦੇ ਵੀ ਤੁਹਾਡੀ ਨਿੰਦਾ ਜਾਂ ਸਜ਼ਾ ਨਹੀਂ ਦਿੰਦਾ ਹੈ। ਇੱਥੇ ਪਰਮੇਸ਼ੁਰ ਲਈ ਕੁਝ ਜਿਆਦਾ ਵੱਡਾ ਨਹੀਂ ਹੈ ਅਤੇ, ਉਸ ਮਸਲੇ ਲਈ, ਇੱਥੇ  ਕੁਝ ਵੀ ਜਿਆਦਾ ਛੋਟਾ ਨਹੀਂ ਹੈ। ਉਹ ਤੁਹਾਡੇ ਸਾਰੇ ਰਾਹਾਂ ਵਿੱਚ ਚਾਹੁੰਦਾ ਕਿ ਤੁਸੀਂ ਉਸ ਨੂੰ ਸਵੀਕਾਰ ਕਰੋ ਅਤੇ ਉਸ ਨੂੰ ਤੁਹਾਡੇ ਜੀਵਨ ਦੇ ਹਰ ਖੇਤਰ ਵਿੱਚ ਸੱਦਾ ਦਿਉ।

ਤੁਸੀਂ ਇੱਕ ਨਵੇਂ ਪ੍ਰਾਣੀ ਬਣ ਗਏ ਹੋ। ਪੁਰਾਣੀਆਂ ਸਾਰੀਆਂ ਗੱਲਾਂ ਬੀਤ ਗਈਆਂ ਹਨ ਅਤੇ ਸਾਰੀਆਂ ਗੱਲਾਂ ਬਿਲਕੁਲ ਨਵੀਆਂ ਹਨ (2 ਕੁਰਿੰਥੀਆਂ 5:17)। ਤੁਸੀਂ ਇੱਕ ਬਿਲਕੁਲ ਨਵਾਂ ਅਰੰਭ ਪ੍ਰਾਪਤ ਕੀਤਾ ਹੈ।

ਤੁਸੀਂ ਗਲਤੀਆਂ ਕਰੋਗੇ - ਅਸੀਂ ਸਾਰੇ ਕਰਦੇ ਹਾਂ। ਤੁਹਾਡੇ ਕੋਲ ਸਿੱਖਣ ਲਈ ਇੱਕ ਵੱਡਾ ਹੱਲ ਹੈ ਅਤੇ ਇੱਕ ਯਾਤਰਾ ਦਾ ਅਰੰਭ ਕੀਤਾ ਹੈ ਜਿਹੜੀ ਇੱਕ ਜੀਵਨਭਰ ਤੱਕ ਰਹੇਗੀ। ਸਦਾ ਯਾਦ ਰੱਖੋ ਕਿ ਜਦੋਂ ਤੁਸੀਂ ਗਲਤੀਆਂ ਕਰਦੇ ਹੋ, ਪਰਮੇਸ਼ੁਰ ਦੀ ਮਾਫ਼ੀ ਅਤੇ ਸ਼ੁੱਧੀਕਰਣ ਮੰਗਣ ਵਾਲਿਆਂ ਲਈ ਉਪਲਬੱਧ ਹੈ। ਕਿਸੇ ਵੀ ਪਾਪਾਂ ਤੋਂ ਤੋਬਾ ਕਰਨ ਲਈ ਕਾਹਲੇ ਹੋਵੋ ਅਤੇ ਕਦੀ ਵੀ ਪਰਮੇਸ਼ੁਰ ਤੋਂ ਕੁਝ ਲੁਕਾਉਣ ਦੀ ਕੋਸ਼ਿਸ ਨਾ ਕਰੋ, ਕਿਉਂ ਜੋ ਉਹ ਕੁਝ ਵੀ ਹੋਵੇ ਸਭ ਜਾਣਦਾ ਹੈ।

ਪਰਮੇਸ਼ੁਰ ਤੁਹਾਨੂੰ ਬਹੁਤ ਜਿਆਦਾ ਪਿਆਰ ਕਰਦਾ ਹੈ। ਉਹ ਹਰ ਸਮੇਂ ਤੁਹਾਨੂੰ ਪਿਆਰ ਕਰਦਾ ਹੈ। ਉਹ ਤੁਹਾਨੂੰ ਜਿੰਨਾਂ ਤੁਸੀਂ ਵਧੀਆ ਵਰਤਾਉ ਕਰਦੇ ਉਸ ਦਿਨ ਜਿਆਦਾ ਅਤੇ ਜਦੋਂ ਤੁਸੀਂ ਬੁਰਾ ਵਰਤਾਉ ਕਰਦੇ ਉਨ੍ਹਾਂ ਦਿਨਾਂ ਵਿੱਚ ਘੱਟ ਪਿਆਰ ਨਹੀਂ ਕਰਦਾ ਹੈ। ਉਹ ਸਾਧਾਰਨ ਤੁਹਾਨੂੰ ਪਿਆਰ ਕਰਦਾ ਹੈ!

ਹੁਣ ਤੁਹਾਨੂੰ ਜੀਉਣ ਦੇ ਇੱਕ ਨਵੇਂ ਢੰਗ ਬਾਰੇ ਸਿਖਾਉਣ ਦਾ ਸਮਾਂ ਹੈ।

# ਅਧਿਆਏ 4

# ਜੀਉਣ ਦਾ ਇੱਕ ਨਵਾਂ ਢੰਗ

ਜਦੋਂ ਤੁਸੀਂ ਤੁਹਾਡੇ ਨਵੇਂ ਜੀਵਨ ਦੇ ਵਿੱਚ ਦਾਖ਼ਲ ਹੁੰਦੇ ਹੋ ਜੋ ਪਰਮੇਸ਼ੁਰ ਨਾਲ, ਲਈ ਅਤੇ ਦੁਆਰਾ ਬਿਤਾਇਆ ਜਾਣਾ ਹੈ, ਤੁਸੀਂ ਵੇਖੋਗੇ ਕਿ ਉਸ ਦੇ ਬਹੁਤ ਸਾਰੇ ਸਿਧਾਂਤ ਸੰਸਾਰ ਦੇ ਢੰਗਾਂ ਨਾਲੋਂ ਬਿਲਕੁਲ ਉਲਟ ਵਿਖਾਈ ਦੇਣਗੇ। ਅਸਲ ਵਿੱਚ, ਇਹ ਸੰਸਾਰ ਹੈ ਜਿਹੜਾ ਉਲਟਾ ਹੈ ਅਤੇ ਇਹ ਪਰਮੇਸ਼ੁਰ ਦਾ ਰਾਹ ਹੈ ਜਿਹੜਾ ਸਹੀ ਪਾਸੇ ਹੈ। ਸਾਨੂੰ ਪਰਮੇਸ਼ੁਰ ਦੇ ਢੰਗ ਨਾਲ ਗੱਲਾਂ ਕਰਨ ਦੀ ਆਦਤ ਨਹੀਂ ਹੈ ਅਤੇ ਪਹਿਲੇ ਉਹ ਮੁਸ਼ਕਿਲ ਜਾਂ ਸਮਝਣ ਲਈ ਕਠੋਰ ਵਿਖਾਈ ਦੇ ਸਕਦੇ ਹਨ।

## ਬਪਤਿਸਮਾ

ਯਿਸੂ ਮਸੀਹ ਦੇ ਇੱਕ ਵਿਸ਼ਵਾਸੀ ਹੁੰਦੇ ਹੋਏ ਪਹਿਲੀ ਗੱਲ ਜੋ ਤੁਹਾਨੂੰ ਕਰਨੀ ਚਾਹੀਦੀ ਪਾਣੀ ਦਾ ਬਪਤਿਸਮਾ ਲੈਣਾ ਹੈ। ਬਪਤਿਸਮਾ ਮਸੀਹ ਦੇ ਪਿੱਛੇ ਚੱਲਣ ਦੇ ਤੁਹਾਡੇ ਅੰਦਰੂਨੀ ਫੈਸਲੇ ਦਾ ਇੱਕ ਬਾਹਰੀ ਚਿੰਨ੍ਹ ਹੈ। ਜਦੋਂ ਇੱਕ ਵਿਅਕਤੀ ਪਾਣੀ ਦੇ ਬਪਤਿਸਮੇ ਵਿੱਚੋਂ ਦੀ ਹੋ ਕੇ ਜਾਂਦਾ, ਇਹ ਪੁਰਾਣੇ ਜੀਵਨ ਨੂੰ ਦਫਨਾਉਣ ਨੂੰ ਦਰਸਾਉਂਦਾ ਹੈ। ਜਦੋਂ ਉਹ ਪਾਣੀ ਤੋਂ ਬਾਹਰ ਆਉਂਦਾ ਹੈ ਇਹ ਨਵੇਂ ਜੀਵਨ ਵਿੱਚ ਜੀ ਉੱਠਣ ਨੂੰ ਦਰਸਾਉਂਦਾ ਹੈ। ਇਹ ਕੁਝ ਉਹ ਹੈ ਜੋ ਪਰਮੇਸ਼ੁਰ ਲਈ ਆਗਿਆਕਾਰੀ ਵਿੱਚ ਅਸੀਂ ਕਰਦੇ ਹਾਂ।

ਅਤੇ ਬਪਤਿਸਮਾ, ਜੋ ਕਿ ਇੱਕ ਨਮੂਨਾ [ਉਨ੍ਹਾਂ ਦੇ ਛੁੱਟਕਾਰੇ ਦਾ] ਤੁਹਾਨੂੰ [ਅੰਦਰੂਨੀ ਪ੍ਰਸ਼ਨਾ ਅਤੇ ਡਰਾਂ ਤੋਂ] ਨਹੀਂ ਬਚਾਉਂਦਾ ਹੈ, ਸਿਰਫ਼ ਬਾਹਰੀ ਦੇਹ ਦੀ ਗੰਦਗੀ ਨੂੰ ਦੂਰ ਕਰਨ ਦੁਆਰਾ ਨਹੀਂ [ਨਹਾਉਣਾ] ਪਰ ਤੁਹਾਨੂੰ ਇੱਕ ਚੰਗੇ ਅਤੇ ਸ਼ੁੱਧ ਅੰਤਹਕਰਨ [ਅੰਦਰੂਨੀ ਸਫਾਈ ਅਤੇ ਸ਼ਾਂਤੀ] ਨਾਲ [ਦੇਣ ਨਾਲ] ਪਰਮੇਸ਼ੁਰ ਸਾਹਮਣੇ [ਕਿਉਂ ਜੋ ਤੁਸੀਂ ਉਹ ਪ੍ਰਦਰਸ਼ਣ ਕਰ ਰਹੇ ਜੋ ਤੁਸੀਂ ਹੋਣ ਦਾ ਵਿਸ਼ਵਾਸ ਕਰਦੇ ਹੋ] ਯਿਸੂ ਮਸੀਹ ਦੇ ਜੀ ਉੱਠਣ ਦੇ ਕਾਰਨ ਬਚਾਉਂਦਾ ਹੈ। —1 ਪਤਰਸ 3:21

ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, ਤੋਬਾ ਕਰੋ [ਤੁਹਾਡੇ ਅੰਦਰੋਂ ਪਰਮੇਸ਼ੁਰ ਦੇ ਵਿਚਾਰਾਂ ਅਤੇ ਮਕਸਦਾਂ ਨੂੰ ਪਰਮੇਸ਼ੁਰ ਦੀ ਇੱਛਾ ਨੂੰ ਇਸ ਨੂੰ ਰੱਦ ਕਰਨ ਦੀ ਬਜਾਏ ਸਵੀਕਾਰ ਕਰਨ ਲਈ ਬਦਲਣਾ ਹੈ] ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤ੍ਰ ਆਤਮਾ ਦਾ ਦਾਨ ਪਾਓਗੇ। —ਰਸੂਲਾਂ ਦੇ ਕਰਤੱਬ 2:38

## ਕਲੀਸਿਯਾ ਵਿੱਚ ਜਾਣਾ

ਇੱਕ ਹੋਰ ਗੱਲ ਜਿਸ ਦੀ ਮੈਂ ਉੱਚ ਪ੍ਰਸ਼ੰਸਾ ਕਰਦੀ ਇੱਕ ਸਥਾਨਕ ਕਲੀਸਿਯਾ ਪਰਿਵਾਰ ਵਿੱਚ ਭਾਗ ਲੈਣਾ ਹੈ। ਕਲੀਸਿਯਾ ਵਿੱਚ ਜਾਣਾ ਉਨ੍ਹਾਂ ਹੀ ਕਿਸੇ ਨੂੰ ਇੱਕ ਮਸੀਹੀ ਨਹੀਂ ਬਣਾਉਂਦਾ ਜਿੰਨ੍ਹਾਂ ਮੇਰੇ ਗੈਰਾਜ ਵਿੱਚ ਬੈਠਣ ਨਾਲ ਮੈਨੂੰ ਇੱਕ ਕਾਰ ਨਹੀਂ ਬਣਾਵੇਗਾ। ਅਸੀਂ ਸਿਰਫ਼ ਕਲੀਸਿਯਾ ਵਿੱਚ ਜਾਣ ਦੇ ਗੁਣ ਕਾਰਨ ਮਸੀਹੀ ਨਹੀਂ ਬਣਦੇ ਹਾਂ, ਪਰ ਜੇਕਰ ਅਸੀਂ ਮਸੀਹੀ ਹਾਂ ਸਾਨੂੰ ਪਰਮੇਸ਼ੁਰ ਦੀ ਅਰਾਧਨਾ ਅਤੇ ਦੂਜੇ ਵਿਸ਼ਵਾਸੀਆਂ ਨਾਲ ਸੰਗਤੀ ਕਰਨਾ ਚਾਹੀਦੀ ਹੈ। ਕਲੀਸਿਯਾ ਇੱਕ ਉਹ ਸਥਾਨ ਵੀ ਹੈ ਜਿੱਥੇ ਅਸੀਂ ਪਰਮੇਸ਼ੁਰ ਦੇ ਵਚਨ ਨੂੰ ਸਿੱਖਦੇ ਹਾਂ।

ਸਾਰੀਆਂ ਕਲੀਸਿਯਾਵਾਂ ਚੰਗੀਆਂ ਕਲੀਸਿਯਾਵਾਂ ਨਹੀਂ ਹਨ। ਕੁਝ ਧਾਰਮਿਕ ਰੂਪ ਵਿੱਚ ਉਨੱਤ ਹਨ ਜੋ ਬਾਹਰੋਂ ਚੰਗੀਆਂ ਵਿਖਾਈ ਦਿੰਦੀਆ ਹਨ, ਪਰ ਅੰਦਰ ਕੁਝ ਅਜਿਹਾ ਨਹੀਂ ਚੱਲ ਰਿਹਾ ਜੋ ਤੁਹਾਡੀ ਸਹਾਇਤਾ ਕਰੇਗਾ। ਜੇਕਰ ਤੁਸੀਂ ਇੱਕ ਅਜਿਹੀ ਕਲੀਸਿਯਾ ਵਿੱਚ ਹਾਜ਼ਰ ਹੁੰਦੇ ਤੁਹਾਨੂੰ ਪਰਮੇਸ਼ੁਰ ਦੇ ਵਚਨ ਦਾ ਭੋਜਨ ਨਹੀਂ ਦੇ ਰਹੀ ਅਤੇ ਪਰਮੇਸ਼ੁਰ ਨਾਲ ਤੁਹਾਡੀ ਯਾਤਰਾ ਵਿੱਚ ਰੋਜਾਨਾ ਵੱਧਣ ਲਈ ਤੁਹਾਨੂੰ ਚੁਨੌਤੀ ਨਹੀਂ ਦੇ ਰਹੀ ਹੈ, ਤੱਦ ਤੱਕ ਭਾਲਦੇ ਰਹੋ ਜਦੋਂ ਤੱਕ ਤੁਸੀਂ ਇੱਕ ਅਜਿਹੀ ਲੱਭ ਨਹੀਂ ਲੈਂਦੇ। ਕਲੀਸਿਯਾਵਾਂ, ਡਾਕਟਰਾਂ ਵਾਂਙ, ਸਾਰੀਆਂ ਚੰਗੀਆਂ ਨਹੀਂ ਹਨ, ਪਰ ਉਹ ਉਨ੍ਹੀਆਂ ਬੁਰੀਆਂ ਵੀ ਨਹੀਂ ਹਨ। ਤੁਹਾਨੂੰ ਉਸ ਨੂੰ ਲੱਭਣ ਦੀ ਲੋੜ ਹੈ ਜੋ ਤੁਹਾਡੇ ਲਈ ਸਹੀ ਹੈ। ਕੁਝ ਲੋਕ ਇੱਕ ਵੱਡੀ ਕਲੀਸਿਯਾ ਨੂੰ ਪਸੰਦ ਕਰਦੇ ਅਤੇ ਕੁਝ ਛੋਟੀ ਨੂੰ। ਕੁਝ ਕੋਲ ਇੱਕ ਤੋਂ ਜਿਆਦਾ ਕਿਸੇ ਹੋਰ ਲਈ ਸੰਸਥਾਵਾਂ ਪਸੰਦ ਹਨ, ਅਤੇ ਤਦ ਇੱਥੇ ਕੁਝ ਹਨ ਇੱਕ ਗ਼ੈਰ ਸੰਸਥਾ ਕਲੀਸਿਯਾ ਨੂੰ ਪਸੰਦ ਕਰਦੇ ਹਨ, ਜਿਸ ਦਾ ਸਾਧਾਰਣ ਇਹ ਅਰਥ ਹੈ ਕਿ ਉਹ ਇੱਕ ਵੱਡੀ ਸੰਸਥਾ ਨੂੰ ਪਸੰਦ ਨਹੀਂ ਕਰਦੇ ਹਨ। ਮੁੱਖ ਵਿਸ਼ਾ ਇਹ ਹੈ ਇਹ ਤੁਹਾਡੀ ਸਹਾਇਤਾ ਕਰੇਗਾ ਜੇਕਰ ਤੁਹਾਡੇ ਕੋਲ ਇੱਕ ਦ੍ਰਿੜ ਕਲੀਸਿਯਾ ਅਰਪਣ ਹੈ। ਇਹ ਤੁਹਾਨੂੰ ਉਨ੍ਹਾਂ ਨੂੰ ਮਿੱਤਰ ਬਣਾਉਣ ਦੇ ਮੌਕੇ ਦਿੰਦਾ ਜੋ ਤੁਹਾਡੇ ਵਿਸ਼ਵਾਸ ਨਾਲ ਮੇਲ ਖਾਂਦੇ ਅਤੇ ਇੱਕ ਨੈਤਿਕ ਪੱਧਰ ਤੇ ਸਮਾਜੀ ਮੇਲ ਖਾਂਦੇ ਹਨ ਜੋ ਤੁਹਾਨੂੰ ਸੰਸਾਰਿਕ ਪ੍ਰੀਖਿਆਵਾਂ ਤੋਂ ਬਚਣ ਲਈ ਸਹਾਇਤਾ ਕਰੇਗਾ।

ਇਹ ਨਿਸ਼ਚਿਤ ਹੋਵੋ ਕਿ ਤੁਸੀਂ ਇੱਕ ਅਜਿਹੀ ਕਲੀਸਿਯਾ ਵਿੱਚ ਜਾਉਣ ਜਿੱਥੇ ਤੁਸੀਂ ਮਹਿਸੂਸ ਕਰੋ ਕਿ ਤੁਸੀਂ ਇੱਕ ਮਸੀਹੀ ਵਜੋਂ ਵੱਧ ਰਹੇ ਹੋ। ਨਵੇਂ ਵਿਸ਼ਵਾਸੀ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਉਹ ਬਹੁਤ ਸਾਰੀਆਂ ਗੱਲਾਂ ਸਿੱਖੇ ਜੇਕਰ ਉਹ ਸਿੱਖਦਾ ਨਹੀਂ ਅਤੇ ਤਰੱਕੀ ਨਹੀਂ ਕਰਦਾ ਹੈ, ਉਹ ਪਿੱਛੇ ਮੁੜ ਜਾਣ ਜਾਂ ਪੁਰਾਣੇ ਰਾਹਾਂ ਵਿੱਚ ਜਾਣ ਦੇ ਖਤਰੇ ਵਿੱਚ ਹੈ।

ਛੋਟੇ ਬਾਈਬਲ ਅਧਿਐਨ ਸਮੂਹ ਨਵੇਂ ਵਿਸ਼ਵਾਸੀਆਂ ਲਈ ਬਹੁਤ ਲਾਭਦਾਇਕ ਹਨ। ਛੋਟੇ ਸਮੂਹਾਂ ਵਿੱਚ, ਤੁਹਾਡੇ ਕੋਲ ਆਮ ਤੌਰ ਤੇ ਸਿੱਖਣ, ਪ੍ਰਸ਼ਨਾਂ ਨੂੰ ਪੁੱਛਣ, ਪ੍ਰਾਰਥਨਾ ਗ੍ਰਹਿਣ ਕਰਨ, ਆਸ ਅਨੁਸਾਰ, ਤੁਹਾਡੀ ਕਲੀਸਿਯਾ ਬਾਲਗ ਬਾਈਬਲ ਕਲਾਸਾਂ ਦਾ ਪ੍ਰਬੰਧ ਕਰੇਗੀ ਜਿਸ ਵਿੱਚ ਤੁਸੀਂ ਸ਼ਾਮਿਲ ਹੋ ਸਕਦੇ ਹੋ। ਕਲੀਸਿਯਾ ਸਿਰਫ਼ ਅਜਿਹਾ ਸਥਾਨ ਨਹੀਂ ਜਿੱਥੇ ਪ੍ਰਚਾਰ ਸੁਣਨਾ ਹੈ, ਇਹ ਮਸੀਹ ਦੀ ਦੇਹ (ਕਲੀਸਿਯਾ) ਵਿੱਚ ਸਾਡੀ ਸੇਵਕਾਈ ਨੂੰ ਲੱਭਣ ਅਤੇ ਪ੍ਰਗਟ ਕਰਨ ਦਾ ਸਥਾਨ ਹੈ। ਦੂਜਿਆਂ ਤੋਂ ਸਵੀਕਾਰ ਕਰਨ ਤੋਂ ਇਲਾਵਾ, ਤੁਹਾਨੂੰ ਦੂਜਿਆਂ ਨੂੰ ਦੇਣ ਦੀ ਲੋੜ ਹੈ।

## ਅਰਪਣ

ਅਰਪਣ ਹੋਣਾ ਬਹੁੱਤ ਮਹੱਤਵਪੂਰਨ ਹੈ। ਇਹ ਨਹੀਂ ਕਿ ਇੱਕ ਵਾਰ ਅਸੀਂ ਗਲਤ ਕੀਤਾ ਕਿ ਸਾਡੇ ਜੀਵਨ ਇਸ ਤਰ੍ਹਾਂ ਦੀ ਇੱਕ ਗੜਬੜ ਵਿੱਚ ਆ ਗਏ, ਇਹ ਇਹ ਸੀ ਕਿ ਅਸੀਂ ਨਿਰੰਤਰ ਗਲਤ ਕੀਤਾ। ਅਤੇ ਇੱਕ ਵਾਰ ਜਾਂ ਦੋ ਵਾਰ ਕੁਝ ਸਹੀ ਕਰਨਾ ਨਵੇਂ ਜੀਵਨ ਨੂੰ ਜੀਉਣ ਵਿੱਚ ਸਾਡੀ ਸਹਾਇਤਾ ਨਹੀਂ ਕਰੇਗਾ ਜੋ ਪਰਮੇਸ਼ੁਰ ਕੋਲ ਸਾਡੇ ਲਈ ਹੈ। ਸਾਨੂੰ ਜੋ ਅਸੀਂ ਜਾਣਦੇ ਹਾਂ ਅਤੇ ਉਹ ਕਰਨਾ ਚਾਹੀਦਾ ਜੋ ਸਾਨੂੰ ਪਤਾ ਕਿ ਸਾਨੂੰ ਕਰਨਾ ਚਾਹੀਦਾ ਹੈ ਉਦੋਂ ਵੀਂ ਜਦੋਂ ਕਿ ਅਸੀਂ ਇਹ ਨਾ ਕਰਨਾ ਮਹਿਸੂਸ ਕਰਦੇ ਹਾਂ। ਸਾਨੂੰ ਇੱਕ-ਸਾਰ ਹੋਣਾ ਚਾਹੀਦਾ ਹੈ। ਪਰਮੇਸ਼ੁਰ ਨੇ ਤੁਹਾਨੂੰ ਇੱਕ ਸੰਜਮ ਅਤੇ ਅਨੁਸ਼ਾਸਨ ਦੀ ਆਤਮਾ ਦਿੱਤੀ ਹੈ (2 ਤਿਮੋਥਿਉਸ 1:7) ਅਤੇ ਤੁਹਾਨੂੰ ਜੋ ਕਰਨਾ ਉਹ ਸਿਰਫ਼ ਇਸ ਦਾ ਅਭਿਆਸ ਹੈ।

ਪਰਮੇਸ਼ੁਰ ਨਾਲ ਸਮਾਂ ਬਿਤਾਉਣ ਲਈ ਅਰਪਣ ਹੋਵੋ। ਉਸ ਦੇ ਵਚਨ ਦਾ ਅਧਿਐਨ ਕਰੋ ਅਤੇ ਕਿਤਾਬਾਂ ਪੜ੍ਹੋ ਜੋ ਤੁਹਾਨੂੰ ਬਾਈਬਲ ਨੂੰ ਹੋਰ ਜਿਆਦਾ ਚੰਗੀ ਤਰ੍ਹਾਂ ਸਮਝਣ ਵਿੱਚ ਸਹਾਇਤਾ ਕਰਦੀਆਂ ਹਨ। ਸਿਖਾਉਣ ਵਾਲੀਆਂ ਟੇਪਾਂ ਅਤੇ ਸੀ. ਡੀ. ਨੂੰ ਸੁਣੋ ਜਾਂ ਚੰਗੇ ਟੀ. ਵੀ. ਪ੍ਰੋਗਰਾਮ ਸੁਣੋ। ਪ੍ਰਾਰਥਨਾ

ਲਈ ਸਮਾਂ ਕੱਢੋ। ਦਿਨ ਦੇ ਦੌਰਾਨ ਪ੍ਰਾਰਥਨਾ ਕਰਨਾ ਸਿੱਖੋ। ਯਾਦ ਰੱਖੋ ਕਿ ਪਰਮੇਸ਼ੁਰ ਸਭ ਕੁਝ ਵਿੱਚ ਦਿਲਚਸਪੀ ਰੱਖਦਾ ਜੋ ਤੁਹਾਨੂੰ ਸੰਬੰਧਿਤ ਹੈ, ਅਤੇ ਪ੍ਰਾਰਥਨਾ ਸਾਧਾਰਨ ਪਰਮੇਸ਼ੁਰ ਨਾਲ ਗੱਲਬਾਤ ਕਰਨਾ ਹੈ। ਜਦੋਂ ਤੁਸੀਂ ਇੱਕ ਮਸੀਹੀ ਵਜੋਂ ਵਧਦੇ ਹੋ, ਤੁਸੀਂ ਪਰਮੇਸ਼ੁਰ ਨਾਲ ਸਿਰਫ਼ ਗੱਲਬਾਤ ਕਰਨਾ ਹੀ ਨਹੀਂ ਸਿੱਖੋਗੇ ਪਰ ਇਹ ਵੀ ਕਿ ਕਿਵੇਂ ਮੁੜਨਾ ਹੈ, ਅਤੇ ਇਹ ਉਸ ਨਾਲ ਤੁਹਾਡੀ ਯਾਤਰਾ ਵਿੱਚ ਇੱਕ ਉਤਸਾਹਿਤ ਮਾਪਦੰਡ ਨੂੰ ਸ਼ਾਮਿਲ ਕਰੇਗਾ।

ਇੱਕ ਹੋਰ ਅਰਪਣ ਲਈ ਬਹੁਤ ਮਹਤੱਵਪੂਰਨ ਖੇਤਰ ਦੇਣਾ ਹੈ। ਪਰਮੇਸ਼ੁਰ ਨੇ ਸਾਨੂੰ ਇੰਨਾਂ ਜਿਆਦਾ ਦਿੱਤਾ ਹੈ ਕਿ ਉਸ ਨੂੰ ਅਤੇ ਧਰਤੀ ਤੇ ਉਸ ਦੇ ਕੰਮ ਲਈ ਵਾਪਸ ਦੇਣਾ ਸੁਭਾਵਿਕ ਹੈ। ਜਦੋਂ ਤੁਹਾਡੀ ਸਹਾਇਤਾ ਹੋ ਜਾਂਦੀ ਹੈ ਦੂਜਿਆ ਦੀ ਸਹਾਇਤਾ ਕਰਨ ਨੂੰ ਚਾਹੁਣਾ ਸਿਰਫ਼ ਸੁਭਾਵਿਕ ਹੈ, ਅਤੇ ਇੱਕ ਢੰਗ ਜੋ ਤੁਸੀਂ ਕਰ ਸਕਦੇ ਤੁਹਾਡੀ ਕਲੀਸਿਯਾ ਅਤੇ ਦੂਜਿਆਂ ਸੇਵਕਾਈਆਂ ਨੂੰ ਦੇਣ ਲਈ ਅਰਪਣ ਹੋਣਾ ਜਿੰਨਾਂ ਨੇ ਜਿਸ ਵਿੱਚ ਤੁਸੀਂ ਵਿਸ਼ਵਾਸ ਕਰਦੇ ਅਤੇ ਜਿੰਨਾਂ ਤੁਹਾਡੀ ਸਹਾਇਤਾ ਕੀਤੀ ਹੈ। ਕੁਝ ਵੀ ਅਸੀਂ ਪਰਮੇਸ਼ੁਰ ਨੂੰ ਦਿੰਦੇ, ਉਹ ਕਈ ਗੁਣਾਂ ਸਾਨੂੰ ਵਾਪਸ ਦਿੰਦਾ ਹੈ। ਉਸ ਦਾ ਵਚਨ ਆਖਦਾ ਹੈ ਜੋ ਅਸੀਂ ਬੀਜਦੇ ਹਾਂ ਉਹੀ ਅਸੀਂ ਵੱਢਦੇ ਹਾਂ।

ਮਸੀਹ ਨੂੰ ਸਵੀਕਾਰ ਕਰਨ ਤੋਂ ਪਹਿਲਾਂ ਅਤੇ ਉਸ ਵਿੱਚ ਇੱਕ ਨਵੇਂ ਪ੍ਰਾਣੀ ਬਣਨ ਤੋਂ ਪਹਿਲਾਂ, ਸਾਡੇ ਕੋਲ ਦੇਣ ਵਿੱਚ ਕੋਈ ਗੰਭੀਰ ਦਿਲਚਸਪੀ ਨਹੀਂ ਸੀ। ਅਸੀਂ ਸਵਾਰਥੀ ਸੀ ਅਤੇ ਚਾਹੁੰਦੇ ਸੀ ਕਿ ਦੂਜੇ ਸਾਨੂੰ ਦੇਣ, ਪਰ ਸਾਡਾ ਦਿਲ ਬਦਲਦਾ ਹੈ ਜਦੋਂ ਅਸੀਂ ਯਿਸੂ ਨਾਲ ਜਿਆਦਾ ਡੂੰਘੇ ਪਿਆਰ ਵਿੱਚ ਪੈ ਜਾਂਦੇ ਹਾਂ।

## ਪਵਿੱਤਰ ਆਤਮਾ ਵਿੱਚ ਬਪਤਿਸਮਾ ਲੈਣਾ

ਬਪਤਿਸਮਾ ਲੈਣ ਦਾ ਅਰਥ ਹੈ ਪੂਰੀ ਤਰ੍ਹਾਂ ਪਾਣੀ ਵਿੱਚ ਡੁੱਬ ਜਾਣਾ। ਕੁਝ

ਵੀ ਜੋ ਡੁੱਬਦਾ ਭਰ ਜਾਂਦਾ ਹੈ ਜੇਕਰ ਇਸ ਵਿੱਚ ਖਾਲੀਪਣ ਹੋਵੇ। ਜੇਕਰ ਤੁਸੀਂ ਖੁੱਲੇ ਹੋ, ਤੁਸੀਂ ਪਵਿੱਤਰ ਆਤਮਾ ਰਾਹੀਂ ਪੂਰੀ ਤਰ੍ਹਾਂ ਭਰੇ ਜਾ ਸਕਦੇ ਹੋ ਤੁਸੀਂ ਜਦੋਂ ਯਿਸੂ ਨੂੰ ਆਪਣਾ ਮੁਕਤੀਦਾਤਾ ਸਵੀਕਾਰ ਕੀਤਾ ਤੁਸੀਂ ਪਵਿੱਤ੍ਰ ਆਤਮਾ ਨੂੰ ਸਵੀਕਾਰ ਕੀਤਾ, ਪਰ ਤੁਸੀਂ ਇੱਕ ਅਜਿਹੇ ਸਥਾਨ ਤੇ ਨਹੀਂ ਹੋ ਸਕਦੇ ਜਿੱਥੇ ਤੁਸੀਂ ਤੁਹਾਡੇ ਦਿਲ ਵਿੱਚ ਹਰ ਸਥਾਨ ਨੂੰ ਖੋਲ੍ਹਣ ਲਈ ਅਤੇ ਉਸ ਨੂੰ ਪੂਰੀ ਤਰ੍ਹਾਂ ਤੁਹਾਨੂੰ ਭਰਨ ਦੇਣ ਲਈ ਤਿਆਰ ਨਹੀਂ ਸੀ।

ਤੁਹਾਡੇ ਕੋਲ ਪਵਿੱਤ੍ਰ ਆਤਮਾ ਹੈ, ਪਰ ਤੁਸੀਂ ਨਿਸ਼ਚਿਤ ਹੋਣਾ ਚਾਹੁੰਦੇ ਹੋ ਕਿ ਉਸ ਦਾ ਸਭ ਕੁਝ ਤੁਹਾਡੇ ਕੋਲ ਹੈ। ਪਰਮੇਸ਼ੁਰ ਤੁਹਾਨੂੰ ਉਸ ਦੀ ਸੇਵਾ ਵਿੱਚ ਇਸਤੇਮਾਲ ਕਰਨਾ ਚਾਹੁੰਦਾ ਹੈ, ਅਤੇ ਤੁਹਾਨੂੰ ਸੁਫਲ ਅਤੇ ਪੈਦਾਵਰ ਹੋਣ ਲਈ ਉਸ ਦੀ ਆਤਮਾ ਦੀ ਸ਼ਕਤੀ ਦੀ ਲੋੜ ਹੋਵੇਗੀ।

ਪਰਮੇਸ਼ੁਰ ਸਾਡੇ ਰੋਜਾਨਾ ਦੇ ਜੀਵਨਾਂ ਵਿੱਚ ਸਾਡੀ ਸਹਾਇਤਾ ਕਰਨ ਲਈ ਸਾਨੂੰ ਅਲੌਕਿਕ ਦਾਤਾਂ ਨੂੰ (ਅਲੌਕਿਕ ਊਰਜਾ ਨੂੰ ਪ੍ਰਦਾਨ ਕਰਦਾ) ਦਿੰਦਾ ਹੈ, ਦਾਤਾਂ ਭਿੰਨ-ਭਿੰਨ ਹਨ ਅਤੇ ਹਰ ਕੋਈ ਉਨ੍ਹਾਂ ਨੂੰ ਪ੍ਰਾਪਤ ਕਰਦਾ ਹੈ, ਪਰ ਕੁਝ ਦੂਜਿਆਂ ਨਾਲੋਂ ਜਿਆਦਾ ਅਧਿਕਾਰ ਵਾਲੇ ਹੋ ਸਕਦੇ ਹਨ। ਮੇਰੇ ਕੋਲ ਸਿਖਾਉਣ ਦੀ ਦਾਤ ਹੈ, ਦੂਜਿਆਂ ਕੋਲ ਸੰਗੀਤ ਜਾਂ ਪ੍ਰਬੰਧ, ਦਯਾ ਦੇ ਕੰਮਾਂ ਜਾਂ ਸਹਾਇਤਾ ਕਰਨ ਦੀਆਂ ਦਾਤਾਂ ਪ੍ਰਾਪਤ ਹਨ। ਇਹ 1 ਕੁਰਿੰਥੀਆਂ 12:7-10 ਵਿੱਚ ਵਰਣਨ ਦਾਤਾਂ ਹਨ ਜਿੰਨਾਂ ਦੇ ਬਾਰੇ ਸਾਨੂੰ ਜਾਣੂ ਹੋਣਾ ਚਾਹੀਦਾ ਹੈ। ਸਾਨੂੰ ਸਮਝ ਵਿੱਚ ਇਨ੍ਹਾਂ ਦਾਤਾਂ ਦੀ ਲਾਲਸਾ ਰੱਖਣਾ (ਗੰਭੀਰਤਾ ਨਾਲ ਇੱਛਾ ਰੱਖਣਾ) ਸਿਖਾਇਆ ਗਿਆ ਹੈ। ਉਹ ਗਿਆਨ ਦੇ ਵਚਨ, ਬੁੱਧੀ ਦੇ ਵਚਨ, ਵਿਸ਼ਵਾਸ ਦੀ ਦਾਤ, ਚੰਗਾਈ ਦੀ ਸ਼ਕਤੀ, ਚਮਤਕਾਰਾਂ ਦੇ ਕੰਮ, ਨਬੂਬਤ (ਸਵਰਗੀ ਇੱਛਾ ਅਤੇ ਪਰਮੇਸ਼ੁਰ ਦੇ ਮਕਸਦ ਦੀ ਵਿਆਖਿਆ), ਭਲੇ ਅਤੇ ਬੁਰੀਆਂ ਆਤਮਾਵਾਂ ਵਿਚਕਾਰ ਸਮਝ ਰੱਖਣ ਦੀ ਯੋਗਤਾ, ਪਰਾਈ ਭਾਸ਼ਾ ਬੋਲਣ ਦੀ ਯੋਗਤਾ ਅਤੇ ਇਨ੍ਹਾਂ ਪਰਾਈ ਭਾਸ਼ਾ ਦੀ ਵਿਆਖਿਆ ਕਰਨ ਦੀ ਯੋਗਤਾ ਹੈ।

ਭਾਵੇਂ ਕਿ ਤੁਸੀਂ ਇਨ੍ਹਾਂ ਦਾਤਾਂ ਨੂੰ ਸਮਝੋ ਮੈਂ ਤੁਹਾਨੂੰ ਉਨ੍ਹਾਂ ਨੂੰ ਦੇਣ ਲਈ ਪਰਮੇਸ਼ੁਰ ਨੂੰ ਕਹਿਣ ਅਤੇ ਉਨ੍ਹਾਂ ਬਾਰੇ ਅਤੇ ਉਨ੍ਹਾਂ ਦੇ ਸਹੀ ਪ੍ਰਯੋਗ ਨੂੰ ਤੁਹਾਨੂੰ ਸਿਖਾਉਣ ਬਾਰੇ ਕਹਿਣ ਲਈ ਉਤਸਾਹਿਤ ਕਰਦੀ ਹਾਂ। ਅਸੀਂ ਪਰਮੇਸ਼ੁਰ ਦੇ ਵਚਨ ਵਿੱਚ ਕਈ ਘਟਨਾਵਾਂ ਵਿੱਚ ਲੋਕਾਂ ਦੇ ਪਰਾਈ ਭਾਸ਼ਵਾਂ ਵਿੱਚ ਬੋਲਣ ਨੂੰ ਵੇਖਦੇ ਹਾਂ (ਇੱਕ ਆਤਮਿਕ ਭਾਸ਼ਾ)। ਜਦੋਂ ਅਸੀਂ ਪਰਾਈ ਭਾਸ਼ਾ ਵਿੱਚ ਗੱਲ ਕਰਦੇ, ਅਸੀਂ ਪਰਮੇਸ਼ੁਰ ਨਾਲ ਗੁਪਤ ਵਿੱਚ ਅਤੇ ਭੇਦ ਦੀਆਂ ਗੱਲਾਂ ਬੋਲਦੇ ਹਾਂ ਅਤੇ ਅਸੀਂ ਖੁਦ ਨੂੰ ਉਨੱਤ ਕਰਦੇ ਅਤੇ ਸੁਧਾਰਦੇ ਹਾਂ (1 ਕੁਰਿੰਥੀਆਂ 14:2, 4-5)।

ਪਰਾਈ ਭਾਖਿਆ ਦੀ ਦਾਤ, ਖਾਸ ਕਰਕੇ, ਕਈ ਸਾਲਾਂ ਤੋਂ ਮਸੀਹੀਆਂ ਵਿਚਕਾਰ ਫੁੱਟ ਦਾ ਇੱਕ ਵਿਸ਼ਾ ਰਿਹਾ ਹੈ। ਕੁਝ ਵਿਸ਼ਵਾਸ ਕਰਦੇ ਕਿ ਦਾਤਾਂ ਅੱਜ ਲਈ ਹਨ ਜਦ ਕਿ ਦੂਜੇ ਵਿਸ਼ਵਾਸ ਕਰਦੇ ਉਹ ਨਹੀਂ ਹਨ। ਮੈਂ ਇਨ੍ਹਾਂ ਦਾਤਾਂ ਦਾ ਵਿਅਕਤੀਗੱਤ ਮੇਰੇ ਜੀਵਨ ਵਿੱਚ ਅਨੁਭਵ ਕੀਤਾ ਹੈ ਅਤੇ ਤੀਹ ਸਾਲਾਂ ਤੋਂ ਪਰਾਈ ਭਾਖਿਆ ਵਿੱਚ ਬੋਲਿਆ ਹੈ, ਅਤੇ ਇਸ ਲਈ ਮੈਂ ਜਾਣਦੀ ਹਾਂ ਕਿ ਉਹ ਅੱਜ ਦੇ ਮਸੀਹੀਆਂ ਲਈ ਢੁੱਕਵੀਆਂ ਹਨ। ਸਾਨੂੰ ਉਸ ਹਰ ਚੀਜ਼ ਦੀ ਲੋੜ ਹੈ ਜੋ ਸਾਡੀ ਸਹਾਇਤਾ ਕਰੇਗੀ।

ਬਹੁਤ ਵਾਰ ਲੋਕ ਉਸ ਨੂੰ ਰੱਦ ਕਰਦੇ ਜੋ ਉਨ੍ਹਾਂ ਨੇ ਅਨੁਭਵ ਨਹੀਂ ਕੀਤਾ ਹੈ ਜਾਂ ਉਹ ਜਿਸ ਨੂੰ ਉਹ ਸਮਝਦੇ ਨਹੀਂ ਹਨ। ਇਹ ਇੱਕ ਗਲਤੀ ਹੈ। ਸਾਨੂੰ ਬਾਈਬਲ ਨੂੰ ਪੜਨਾ ਚਾਹੀਦਾ ਹੈ ਅਤੇ ਵਿਸ਼ਵਾਸ ਕਰਨਾ ਚਾਹੀਦਾ ਜੋ ਇਹ ਆਖਦੀ ਹੈ।

ਮੈਂ ਤੁਹਾਨੂੰ ਪਵਿੱਤਰ ਆਤਮਾ ਦੇ ਖੁੱਦ ਤੇ ਅਤੇ ਨਾ ਕਿ ਉਸ ਦੀਆਂ ਦਾਤਾਂ ਤੇ ਧਿਆਨ ਕੇਂਦ੍ਰਿਤ ਕਰਨ ਦੀ ਚੇਤਾਵਨੀ ਦਿੰਦੀ ਹਾਂ। ਦਾਤਾਂ ਆਉਣਗੀਆਂ। ਕੁਝ ਲੋਕ ਪਰਾਈ ਭਾਖਿਆ ਜਾਂ ਦੂਜਿਆਂ ਦਾਤਾਂ ਤੋਂ ਉਨ੍ਹਾਂ ਨਾਲੋਂ ਜਿਆਦਾ ਜਿੰਨਾਂ ਚਾਹੀਦਾ ਲਾਭ ਲੈਂਦੇ ਹਨ। ਜਦੋਂ ਅਸੀਂ ਇੱਕ ਬੂਟਾ ਦਾ ਜੌੜਾ ਖਰੀਦਣਾ ਚਾਹੁੰਦੇ ਹਾਂ, ਅਸੀਂ ਦੁਕਾਨ ਤੇ ਜਾ ਕੇ ਪਰਾਈ ਭਾਖਿਆ ਦੇ ਜੌੜੇ ਲਈ ਨਹੀਂ ਮੰਗ ਕਰਦੇ ਹਾਂ। ਇਸੇ ਤਰ੍ਹਾਂ ਹੀ ਪਵਿੱਤ੍ਰ ਆਤਮਾ ਨਾਲ ਹੈ। ਉਸ ਦੀ ਜਿਆਦਾ

ਹਜ਼ੂਰੀ ਲਈ ਤੁਹਾਡੇ ਜੀਵਨ ਵਿੱਚ ਰੋਜਾਨਾ ਮੰਗ ਕਰੋ, ਅਤੇ ਪਰਾਈ ਭਾਖਿਆ ਅਤੇ ਨਾਲ ਹੀ ਦੂਜਿਆਂ ਦਾਤਾਂ ਸਹੀ ਸਮੇਂ ਤੇ ਆਉਣਗੀਆਂ।

## ਪਰਮੇਸ਼ੁਰ ਦੀ ਹਜ਼ੂਰੀ ਭਾਲੋ, ਉਸ ਦੇ ਤੋਹਫ਼ੇ ਨਹੀਂ

ਪਰਮੇਸ਼ੁਰ ਤੁਹਾਡੇ ਲਈ ਚੰਗੀਆਂ ਗੱਲਾਂ ਨੂੰ ਕਰਨਾ ਚਾਹੁੰਦਾ ਹੈ। ਉਹ ਤੁਹਾਨੂੰ ਬਹੁਤ ਸਾਰੀਆਂ ਬਰਕਤਾਂ ਦੇਣਾ ਚਾਹੁੰਦਾ ਹੈ, ਪਰ ਇਹ ਮਹੱਤਵਪੂਰਨ ਹੈ ਕਿ ਤੁਸੀਂ ਉਸ ਨੂੰ ਭਾਲੋ ਕਿ ਉਹ ਕੌਣ ਹੈ ਅਤੇ ਨਾ ਕਿ ਸਿਰਫ਼ ਉਹ ਤੁਹਾਡੇ ਲਈ ਕੀ ਕਰ ਸਕਦਾ ਹੈ। ਪਰਮੇਸ਼ੁਰ ਤੁਲਨਾ ਤੋਂ ਕਿਤੇ ਪਰੇ ਅਦਭੁੱਦ ਹੈ, ਅਤੇ ਉਸ ਦੀ ਹਜ਼ੂਰੀ ਵਿੱਚ ਰਹਿਣਾ ਅਦਭੁੱਦ ਹੈ। ਜਦੋਂ ਤੁਸੀਂ ਉਸ ਦਾ ਮੁੱਖ ਭਾਲਦੇ ਹੋ, ਤੁਸੀਂ ਪਾਉਗੇ ਕਿ ਉਸ ਦੇ ਹੱਥ ਸਦਾ ਖੁੱਲੇ ਹਨ। ਜੇਕਰ ਤੁਸੀਂ ਸਿਰਫ਼ ਉਸ ਦੇ ਹੱਥਾਂ ਨੂੰ ਭਾਲੋ ਇਹ ਉਸ ਦਾ ਅਪਮਾਨ ਕਰੇਗਾ। ਇੱਕ ਵੀ ਨਹੀਂ, ਸਗੋਂ ਪਰਮੇਸ਼ੁਰ ਵੀ, ਕਿਸੇ ਦੇ ਵਿਅਕਤੀਗਤ ਲਾਭ ਲਈ ਪ੍ਰਯੋਗ ਨਹੀਂ ਹੋਣਾ ਚਾਹੁੰਦਾ ਹੈ।

ਪਰਮੇਸ਼ੁਰ ਤੋਂ ਵੀ ਤੁਹਾਨੂੰ ਚਾਹੀਦਾ ਜਾਂ ਲੋੜ ਮੰਗੋ ਐਤ ਜੇਕਰ ਇਹ ਤੁਹਾਡੇ ਲਈ ਚੰਗਾ ਹੈ, ਉਸ ਦੇ ਸਮੇਂ ਵਿੱਚ, ਉਹ ਇਸ ਨੂੰ ਤੁਹਾਨੂੰ ਦੇ ਦੇਵੇਗਾ, ਪਰ ਹਮੇਸ਼ਾ ਯਾਦ ਰੱਖੋ ਕਿ ਕਿਸੇ ਹੋਰ ਚੀਜ਼ ਤੋਂ ਜਿਆਦਾ, ਤੁਹਾਨੂੰ ਉਸ ਦੀ ਜਿਆਦਾ ਤੁਹਾਡੇ ਜੀਵਨ ਵਿੱਚ ਲੋੜ ਹੈ। ਉਸ ਦੀ ਜਿਆਦਾ ਹਜ਼ੂਰੀ, ਉਸ ਦੇ ਰਾਹ, ਉਸ ਦਾ ਚਰਿੱਤਰ, ਉਸ ਦੀ ਬੁੱਧੀ, ਉਸ ਦੀ ਸਮਝ, ਉਸ ਦੀ ਸ਼ਕਤੀ, ਆਦਿ।

ਪਰਮੇਸ਼ੁਰ ਸਭ ਕੁਝ ਹੈ ਅਤੇ ਅਸੀਂ ਉਸ ਤੋਂ ਬਿਨ੍ਹਾਂ ਕੁਝ ਨਹੀਂ ਕਰ ਹਾਂ। ਯਿਸੂ ਨੇ ਕਿਹਾ, "ਮੇਰੇ ਤੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸਕਦੇ" (ਯੂਹੰਨਾ 15:5)।

> ਕਿਉਂ ਜੋ ਉਸ ਤੋਂ ਅਤੇ ਉਸ ਦੇ ਵਸੀਲੇ ਨਾਲ ਅਤੇ ਉਸ ਦੇ ਨਾਲ ਸਾਰੀਆਂ ਵਸਤਾਂ ਹੋਈਆਂ ਹਨ [ਕਿਉਂ ਜੋ ਸਾਰੀਆਂ ਵਸਤਾਂ ਉਸ ਤੋਂ ਅਰੰਭ ਹੋਈਆਂ ਅਤੇ ਉਸ ਤੋਂ ਆਈਆਂ; ਸਾਰੀਆਂ ਗੱਲ ਉਸ ਰਾਹੀਂ

ਜੀਉਂਦੀਆਂ ਹਨ, ਅਤੇ ਸਾਰੀਆਂ ਵਸਤਾਂ ਉਸ ਵਿੱਚ ਕੇਂਦ੍ਰਿਤ ਹੋਣ ਅਤੇ ਉਸ ਵਿੱਚ ਪੂਰਣ ਹੋਣ ਦਾ ਰੁਝਾਨ ਰੱਖਦੀਆਂ ਅਤੇ ਉਸ ਵਿੱਚ ਸਮਾਪਤ ਹੁੰਦੀਆਂ ਹਨ] ਉਸ ਦੀ ਵਡਿਆਈ ਜੁੱਗੋ ਜੁੱਗ ਹੋਵੇ! ਆਮੀਨ [ਇਸ ਤਰ੍ਹਾਂ ਹੀ ਹੋਵੇ] —ਰੋਮੀਆਂ 11:36

## ਇੱਥੇ ਸਿੱਖਣ ਲਈ ਬਹੁਤ ਹੈ

ਇਸ ਛੋਟੀ ਕਿਤਾਬ ਵਿੱਚ ਸਾਰਾ ਵੰਡਣ ਲਈ ਅਤੇ ਤੁਹਾਡੇ ਸਿੱਖਣ ਲਈ ਇੱਥੇ ਬਹੁਤ ਜਿਆਦਾ ਹੈ। ਤੁਹਾਨੂੰ ਜਿਸ ਸਿੱਖਿਆ ਤੇ ਤੁਹਾਡਾ ਵਿਸ਼ਵਾਸ ਅਧਾਰਿਤ ਹੈ ਉਸ ਨੂੰ ਅਤੇ ਮਸੀਹੀਅਤ ਦੀ ਬੁਨਿਆਦੀ ਸਿੱਖਿਆ ਨੂੰ ਸਿੱਖਣ ਦੀ ਲੋੜ ਹੈ। ਜਿਆਦਾਤਰ ਕਲੀਸਿਯਾਵਾਂ ਵਿੱਚ ਅਕਸਰ ਇੱਕ ਨਵੇਂ ਵਿਸ਼ਵਾਸੀ ਦੀ ਕਲਾਸ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਅਤੇ ਮੈਂ ਉੱਚ ਸਿਫ਼ਾਰਸ਼ ਕਰਦੀ ਹਾਂ ਕਿ ਤੁਸੀਂ ਅਜਿਹੀ ਇੱਕ ਵਿੱਚ ਹਾਜ਼ਰ ਹੋਵੋ। ਤੁਸੀਂ ਸਿੱਖੋਗੇ ਕਿ ਯਿਸੂ ਇੱਕ ਕੁਆਰੀ ਤੋਂ ਪੈਦਾ ਹੋਇਆ। ਮੈਂ ਜਾਣਦੀ ਹਾਂ ਕਿ ਇਹ ਅਸੰਭਵ ਪ੍ਰਤੀਤ ਹੁੰਦਾ ਹੈ, ਪਰ ਕੁਝ ਵੀ ਹੋਵੇ, ਇਹੋ ਹੀ ਸੱਚ ਹੈ ਅਤੇ ਇਹ ਸਮਝਣਾ ਤੁਹਾਡੇ ਲਈ ਮਹੱਤਵਪੂਰਨ ਹੈ ਕਿ ਕਿਉਂ। ਤੁਸੀਂ ਸਿੱਖੋਗੇ ਕਿ ਆਤਮਿਕ ਰੂਪ ਵਿੱਚ ਦੇਣਾ ਮਹੱਤਵਪੂਰਨ ਹੈ ਤਾਂ ਜੋ ਸੁਸਮਾਚਾਰ ਦੂਜਿਆਂ ਤੱਕ ਪ੍ਰਚਾਰ ਕੀਤਾ ਜਾ ਸਕੇ ਜੋ ਅਜੇ ਵੀ ਉਸ ਨੂੰ ਨਹੀਂ ਜਾਣਦੇ ਹਨ। ਤੁਸੀਂ ਤ੍ਰਿਏਕਤਾ ਬਾਰੇ ਸਿੱਖੋਗੇ, ਇੱਕ ਪਰਮੇਸ਼ੁਰ ਦੀ ਸੇਵਾ ਕਰਨ ਦੀ ਸਚਿਆਈ, ਜੋ ਤਿੰਨ ਵਿਅਕਤੀਆਂ ਵਿੱਚ ਪ੍ਰਗਟ ਹੁੰਦਾ ਹੈ। ਪਿਤਾ, ਪੁੱਤ੍ਰ, ਅਤੇ ਪਵਿੱਤਰ ਆਤਮਾ। ਤੁਸੀਂ ਦੂਤਾਂ ਦੀ ਸੇਵਕਾਈ, ਯਿਸੂ ਦੇ ਲਹੂ, ਤੋਬਾ ਅਤੇ ਹੋਰ ਕਈ ਗੱਲਾਂ ਬਾਰੇ ਸਿੱਖੋਗੇ।

ਭਾਵੇਂ ਕਿ ਮੈਂ ਇਸ ਕਿਤਾਬ ਵਿੱਚ ਸਭ ਕੁਝ ਨਹੀਂ ਵੰਡ ਸਕਦੀ ਹਾਂ, ਇੱਥੇ ਕੁਝ ਗੱਲਾਂ ਹਨ ਜਿੰਨਾਂ ਨੂੰ ਮੈਂ ਵੰਡਣਾ ਚਾਹੁੰਦੀ ਹਾਂ ਜਿੰਨਾਂ ਦਾ ਮੈਂ ਵਿਸ਼ਵਾਸ ਕਰਦੀ ਤੁਹਾਡੇ ਨਵੇਂ ਜੀਵਨ ਵਿੱਚ ਮੁੱਢਲੀ ਮਹੱਤਤਾ ਹੈ, ਇਸ ਲਈ ਆਉ ਜਾਰੀ ਰੱਖੀਏ।

# ਅਧਿਆਏ 5

# ਸੋਚਣ ਦਾ ਇੱਕ ਨਵਾਂ ਢੰਗ

ਇੱਕ ਪੂਰੀ ਤਰ੍ਹਾਂ ਨਵੇਂ ਢੰਗ ਵਿੱਚ ਸੋਚਣ ਨੂੰ ਸਿੱਖਣਾ ਸਭ ਤੋਂ ਮਹੱਤਵਪੂਰਨ ਹੈ। ਪਰਮੇਸ਼ੁਰ ਕੋਲ ਤੁਹਾਨੂੰ ਇਸ ਸੰਬੰਧਿਤ ਉਸ ਨਾਲ ਸਹਿਮਤੀ ਵਿੱਚ ਆਉਣ ਦੀ ਲੋੜ ਹੈ। ਸ਼ਤਾਨ ਕੋਲ ਤੁਹਾਡੇ ਅਤੇ ਤੁਹਾਡੇ ਜੀਵਨ ਲਈ ਇੱਕ ਯੋਜਨਾ ਹੈ ਅਤੇ ਇਹ ਇੱਕ ਚੰਗੀ ਯੋਜਨਾ ਨਹੀਂ ਹੈ। ਚੋਰ (ਸ਼ਤਾਨ) ਸਿਰਫ਼ ਚੋਰੀ ਕਰਨ, ਮਾਰਨ, ਨਾਸ਼ ਕਰਨ ਲਈ ਆਉਂਦਾ ਹੈ (ਯੂਹੰਨਾ 10:10)। ਸ਼ਤਾਨ ਸਭ ਕਿਸਮ ਦੇ ਗਲਤ ਵਿਚਾਰਾਂ ਨੂੰ ਸਾਡੇ ਮਨਾਂ ਵਿੱਚ ਪਾਉਂਦਾ ਹੈ, ਇਹ ਆਸ ਕਰਦੇ ਕਿ ਅਸੀਂ ਉਨ੍ਹਾਂ ਤੇ ਵਿਸ਼ਵਾਸ ਕਰਾਂਗੇ ਅਤੇ ਇਸ ਤਰ੍ਹਾਂ ਉਸ ਨਾਲ ਸਹਿਮਤ ਹੋਵਾਂਗੇ। ਇਹ ਇਸ ਢੰਗ ਨਾਲ ਹੈ ਕਿ ਉਹ ਲੋਕਾਂ ਨੂੰ ਧੋਖਾ ਦਿੰਦਾ ਅਤੇ ਉਨ੍ਹਾਂ ਦੇ ਜੀਵਨਾਂ ਵਿੱਚ ਇੱਕ ਦਾਖਲੇ ਨੂੰ ਭਾਲਦਾ ਹੈ।

> ਇਸ ਜੁੱਗ (ਇਸ ਸੰਸਾਰ), [ਇਸ ਦੇ ਅਨਰੂਪ ਨਾ ਅਤੇ ਇਸ ਦੇ ਬਾਹਰੀ, ਦਿਖਾਵੇ ਦੇ ਰਿਵਾਜਾਂ ਦੇ ਅਨੁਕੂਲ ਨਾ ਹੋਵੋ] ਦੇ ਰੂਪ ਜਿਹੇ ਨਾ ਬਣ ਸਗੋਂ ਆਪਣੀ ਬੁੱਧ [ਪੂਰਣ] ਦੇ ਨਵੇਂ (ਬਦਲਣ) ਹੋਣ ਕਰਕੇ [ਇਸ ਦੇ ਨਵੇਂ ਆਦਰਸ਼ ਅਤੇ ਨਵੇਂ ਰਵੱਈਏ ਕਾਰਨ], ਤਾਂ ਜੋ ਤੁਸੀਂ ਸਿਆਣ ਲਵੋ [ਆਪਣੇ ਆਪ] ਭਈ ਪਰਮੇਸ਼ੁਰ ਦੀ ਚੰਗੀ ਅਤੇ ਪੂਰੀ ਅਤੇ ਮਨ ਭਾਉਂਦੀ [ਉਸ ਦੀ ਨਜ਼ਰ ਵਿੱਚ ਤੁਹਾਡੇ ਲਈ] ਇੱਛਿਆ ਕੀ ਹੈ। —ਰੋਮੀਆਂ 12:2

ਉੱਪਰ ਦਿੱਤੇ ਵਚਨ ਸਾਨੂੰ ਸਪੱਸ਼ਟ ਦੱਸਦੇ ਹਨ ਕਿ ਸਾਡਾ ਜੀਵਨ ਤਦ ਤੱਕ ਨਹੀਂ ਬਦਲ ਸਕਦਾ ਜਦ ਤੱਕ ਕਿ ਸਾਡੀ ਸੋਚ ਨਹੀਂ ਬਦਲਦੀ ਹੈ। ਜੇਕਰ ਤੁਸੀਂ ਇੱਕ ਨਵਾਂ ਜੀਵਨ ਚਾਹੁੰਦੇ ਹੋ, ਤੁਹਾਡੇ ਕੋਲ ਇੱਕ ਸੋਚਣ ਦਾ ਨਵਾਂ ਢੰਗ ਹੋਣਾ ਚਾਹੀਦਾ ਹੈ। ਸਾਡੇ ਸਾਰੀਆਂ ਲਈ ਪਰਮੇਸ਼ੁਰ ਕੋਲ ਇੱਕ ਚੰਗੀ ਯੋਜਨਾ ਹੈ, ਪਰ ਅਸੀਂ ਇਸ ਨੂੰ ਹੁੰਦੇ ਹੋਏ ਵੇਖਾਂਗੇ ਜਦੋਂ ਅਸੀਂ ਸਹੀ ਸੋਚ ਦੀ ਮਹੱਤਤਾ ਨੂੰ ਸਿੱਖਦੇ ਹਾਂ।

## ਤੁਸੀਂ ਤੁਹਾਡੇ ਵਿਚਾਰਾਂ ਤੇ ਨਿਯੰਤ੍ਰਣ ਕਰ ਸਕਦੇ ਹੋ

ਸੰਭਾਵੀ ਤੁਸੀਂ ਉਸ ਤਰ੍ਹਾਂ ਹੋ ਜਿਵੇਂ ਕਿ ਮੈਂ ਇੱਕ ਸਮੇਂ ਸੀ ਅਤੇ ਸੋਚਦੀ ਸੀ ਕਿ ਜੋ ਤੁਸੀਂ ਸੋਚਦੇ ਉਸ ਬਾਰੇ ਕੁਝ ਨਹੀਂ ਕਰ ਸਕਦੇ। ਉਹ ਠੀਕ ਨਹੀਂ ਹੈ। ਤੁਸੀਂ ਚੁਣ ਸਕਦੇ ਹੋ ਕਿ ਤੁਸੀਂ ਕੀ ਸੋਚੋਗੇ ਅਤੇ ਕਿਸ ਬਾਰੇ ਨਹੀਂ ਸੋਚੋਗੇ, ਅਤੇ ਤੁਹਾਨੂੰ ਇਹ ਸਾਵਧਾਨੀ ਨਾਲ ਕਰਨਾ ਹੈ। ਜਿੱਥੇ ਮਨ ਜਾਂਦਾ ਮਨੁੱਖ ਉੱਥੇ ਉਸ ਦੇ ਪਿੱਛੇ ਜਾਂਦਾ ਹੈ। ਸਾਡੇ ਸਾਰੀਆਂ ਕੋਲ ਕੁਝ ਖਾਣ ਬਾਰੇ ਸੋਚਣ ਨੂੰ ਅਰੰਭ ਕਰਨ ਦਾ ਅਨੁਭਵ ਰਿਹਾ ਹੋਵੇਗਾ। ਸੰਭਾਵੀ ਇਕ ਆਇਸ ਕਰੀਮ, ਇੱਕ ਮਿਠਾਈ, ਜਾਂ ਕੁਝ ਹੋਰ ਲਲਚਾਉਂਦਾ ਭੋਜਨ ਜਿੰਨਾਂ ਅਸੀਂ ਇਸ ਬਾਰੇ ਸੋਚਦੇ, ਉਨ੍ਹਾਂ ਜਿਆਦਾ ਦ੍ਰਿੜ ਅਸੀਂ ਇਸ ਬਾਰੇ ਹੁੰਦੇ ਕਿ ਸਾਨੂੰ ਇਸ ਨੂੰ ਖਾਣਾ ਚਾਹੀਦਾ ਹੈ। ਜੇਕਰ ਅਸੀਂ ਇਸ ਬਾਰੇ ਕਾਫ਼ੀ ਜਿਆਦਾ ਸੋਚੀਏ, ਅਸੀਂ ਕਾਰ ਵਿੱਚ ਅਤੇ ਇਸ ਨੂੰ ਪ੍ਰਾਪਤ ਕਰਨ ਲਈ ਕਈ ਮੀਲ ਦੂਰ ਤੱਕ ਜਾਂ ਸਕਦੇ ਹਾਂ, ਸਿਰਫ਼ ਖਾਣ ਤੋਂ ਬਾਅਦ ਵਿੱਚ ਇਸ ਤੇ ਦੁੱਖੀ ਹੋਣ ਲਈ ਕਿ ਅਸੀਂ ਇਸ ਨੂੰ ਖਾਧਾ ਅਤੇ ਇਸ ਨੂੰ ਪ੍ਰਾਪਤ ਕਰਨ ਲਈ ਆਪਣੇ ਸਮੇਂ ਅਤੇ ਧਨ ਨੂੰ ਬਰਬਾਦ ਕੀਤਾ।

ਜੇਕਰ ਕਿਸੇ ਨੇ ਸਾਡੇ ਨਾਲ ਬੁਰਾ ਕੀਤਾ ਹੈ ਅਤੇ ਜੇਕਰ ਅਸੀਂ ਵਾਰ ਵਾਰ ਉਸ ਬਾਰੇ ਸੋਚੀਏ ਜੋ ਉਨ੍ਹਾਂ ਕੀਤਾ ਉਹ ਸਾਨੂੰ ਦੁਖੀ ਕਰਦਾ ਹੈ, ਅਸੀਂ ਖੁੱਦ

ਕ੍ਰੋਧਿਤ ਹੁੰਦੇ ਅਤੇ ਪਰੇਸ਼ਾਨ ਹੁੰਦੇ ਵੇਖ ਸਕਦੇ ਹਾਂ। ਸਾਡੇ ਵਿਚਾਰ ਸਾਡੀਆਂ ਭਾਵਨਾਵਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਸ਼ਬਦ ਬਣਦੇ ਹਨ ਜੋ ਅਸੀਂ ਬੋਲਦੇ ਹਾਂ।

ਅਗਲੀ ਵਾਰ ਜਦੋਂ ਤੁਸੀਂ ਆਪਣੇ ਆਪ ਨੂੰ ਪਰੇਸ਼ਾਨ ਜਾਂ ਨਿਰਾਸ਼ ਪਾਵੋ, ਸਿਰਫ਼ ਆਪਣੇ ਆਪ ਨੂੰ ਪੁੱਛੋ ਕਿ ਤੁਸੀਂ ਕਿਸ ਬਾਰੇ ਸੋਚ ਰਹੇ ਸੀ, ਅਤੇ ਤੁਸੀਂ ਤੁਹਾਡੇ ਵਿਚਾਰਾ ਅਤੇ ਭਾਵਨਾਵਾਂ ਵਿੱਚਕਾਰ ਸੰਬੰਧ ਨੂੰ ਪਾਵੋਗੇ।

ਮਨ ਲੜਾਈ ਦਾ ਮੈਦਾਨ ਹੈ ਜਿੱਥੇ ਅਸੀਂ ਸ਼ਤਾਨ ਨਾਲ ਸਾਡਾ ਜੁੱਧ ਲੜਦੇ ਹਾਂ। ਦੂਜਾ ਕੁਰਿੰਥੀਆਂ 10:4-5 ਸਾਨੂੰ ਸਿਖਾਉਂਦੀ ਹੈ ਕਿ ਸਾਨੂੰ ਬੁਰੇ ਵਿਚਾਰਾਂ ਅਤੇ ਕਲਪਨਾਵਾਂ ਨੂੰ ਢਾਹ ਸੁੱਟਦੇ ਅਤੇ ਉਨ੍ਹਾਂ ਨੂੰ ਯਿਸੂ ਮਸੀਹ ਦੀ ਗੁਲਾਮੀ ਵਿੱਚ ਲਿਆਉਣਾ ਹੈ। ਉਸ ਦਾ ਅਰਥ ਕਿ ਸਾਨੂੰ ਪਰਮੇਸ਼ੁਰ ਦੇ ਵਚਨ ਅਨੁਸਾਰ ਸੋਚਣਾ ਹੈ। ਕੁਝ ਵੀ ਜੋ ਯਿਸੂ ਦੀਆਂ ਸਿੱਖਿਆਵਾਂ ਨਾਲ ਸਹਿਮਤ ਨਹੀਂ ਹੁੰਦਾ ਸਾਡੇ ਮਨਾਂ ਵਿੱਚੋਂ ਬਾਹਰ ਕੱਢ ਦੇਣਾ ਚਾਹੀਦਾ ਹੈ ਅਤੇ ਸ਼ਤਾਨ ਵੱਲੋਂ ਇੱਕ ਝੂਠ ਵਜੋਂ ਰੱਦ ਕੀਤਾ ਜਾਣਾ ਚਾਹੀਦਾ ਹੈ। ਜੇਕਰ ਤੁਹਾਡਾ ਦੁਸ਼ਮਣ (ਸ਼ਤਾਨ) ਤੁਹਾਡੇ ਮਨ ਤੇ ਨਿਯੰਤ੍ਰਣ ਕਰ ਸਕਦਾ, ਉਹ ਤੁਹਾਡੇ ਜੀਵਨ ਅਤੇ ਮੰਜਿਲ ਤੇ ਨਿਯੰਤ੍ਰਣ ਅਤੇ ਕਰ ਸਕਦਾ ਹੈ।

ਉਦਾਹਰਣ ਲਈ, ਜੇਕਰ ਤੁਹਾਡੇ ਕੋਲ ਆਤਮ-ਹੱਤਿਆ ਦਾ ਵਿਚਾਰ ਹੈ, ਇਹ ਪਰਮੇਸ਼ੁਰ ਉਨ੍ਹਾਂ ਨੂੰ ਤੁਹਾਡੇ ਮਨ ਵਿੱਚ ਨਹੀਂ ਪਾ ਰਿਹਾ ਹੈ। ਉਹ ਤੁਹਾਡੇ ਜੀਵਨ ਨੂੰ ਤੁਸੀਂ ਬਿਤਾਉ ਅਤੇ ਇਸ ਦਾ ਅਨੰਦ ਲਉ। ਜੇਕਰ ਤੁਹਾਡੇ ਕੋਲ ਵਿਚਾਰ ਹੈ ਕਿ ਤੁਸੀਂ ਚੰਗੇ ਨਹੀਂ ਹੋ ਜਾਂ ਇਹ ਕਿ ਕੋਈ ਵੀ ਤੁਹਾਨੂੰ ਪਿਆਰ ਨਹੀਂ ਕਰਦਾ ਹੈ, ਇਹ ਵਿਚਾਰ ਪਰਮੇਸ਼ੁਰ ਤੋਂ ਨਹੀਂ ਆ ਰਹੇ ਹਨ ਕਿਉਂਕਿ ਉਹ ਉਸ ਦੇ ਵਿਚਾਰ ਨਾਲ ਸਹਿਮਤ ਨਹੀਂ ਹੁੰਦੇ ਹਾਂ।

## ਨਕਰਾਤਾਮਕ ਵਿਚਾਰ

ਕਿਸੇ ਵੀ ਪਰਕਾਰ ਦੇ ਕੋਈ ਨਕਰਾਤਮਕ ਸੋਚ ਬਾਰੇ ਸਾਵਧਾਨ ਹੋਵੋ। ਪਰਮੇਸ਼ੁਰ

ਜਾਂ ਤੁਹਾਡੇ ਜੀਵਨ ਲਈ ਉਸ ਦੀ ਯੋਜਨਾ ਬਾਰੇ ਇੱਥੇ ਕੁਝ ਵੀ ਨਕਰਤਾਮਕ ਨਹੀਂ ਹੈ। ਇਹ ਗਲਾਸ ਨੂੰ ਪੂਰੀ ਤਰ੍ਹਾਂ ਭਰੇ ਵੇਖਣਾ ਇਸ ਨੂੰ ਅੱਧਾ ਵੇਖਣ ਨਾਲੋਂ ਜਿਆਦਾ ਚੰਗਾ ਹੈ। ਸਕਰਾਮਤਕ ਹੋਣਾ ਕਦੇ ਵੀ ਕਿਸੇ ਨੂੰ ਦੁੱਖੀ ਨਹੀਂ ਕਰਦਾ ਹੈ।

ਇਸ ਨਾਲ ਕੋਈ ਫ਼ਰਕ ਨਹੀਂ ਕਿ ਹੁਣ ਤੱਕ ਤੁਹਾਡਾ ਜੀਵਨ ਕਿਸ ਤਰ੍ਹਾਂ ਦਾ ਰਿਹਾ ਹੈ, ਤੁਹਾਡੇ ਕੋਲ ਤੁਹਾਡੇ ਭਵਿੱਖ ਲਈ ਇੱਕ ਸਕਰਾਤਮਕ ਦਰਸ਼ਣ ਹੋਣਾ ਚਾਹੀਦਾ ਹੈ। ਪਰਮੇਸ਼ੁਰ ਨਾਲ ਸਹਿਮਤੀ ਵਿੱਚ ਹੋਵੋ ਕਿ ਚੰਗੀਆਂ ਗੱਲਾਂ ਤੁਹਾਡੇ ਨਾਲ ਹੋਣ ਜਾਂ ਰਹੀਆਂ ਹਨ। ਜੇਕਰ ਤੁਸੀਂ ਇੱਕ ਨਕਰਾਤਮਕ ਵਿਅਕਤੀ ਜਿਵੇਂ ਕਿ ਮੈਂ ਇੱਕ ਸਮੇਂ ਸੀ, ਸੋਚਣ ਲਈ ਕੁਝ ਅਭਿਆਸ ਕਰਨਾ ਪਵੇਗਾ। ਮੇਰਾ ਪਾਲਣ-ਪੋਸ਼ਣ ਇੱਕ ਬਹੁਤ ਨਕਰਾਤਮਕ ਵਾਤਾਵਰਣ ਵਿੱਚ ਹੋਇਆ ਸੀ ਅਤੇ ਸਦਾ ਸਮੱਸਿਆ ਜਾਂ ਤਬਾਹੀ ਦੀ ਆਸ ਕੀਤੀ ਸੀ, ਪਰ ਤਦ ਮੈਂ ਸਿੱਖਿਆ ਕਿ ਸਾਡੀ ਸਮੱਸਿਆ ਸਾਡੇ ਕੋਲ ਨਕਰਤਾਮਕ ਸੋਚ ਨਹੀਂ ਆ ਸਕਦੀ ਹੈ।

> ਮਸਕੀਨ ਦੇ ਸਭ ਦਿਨ ਬੁਰੇ ਹੁੰਦੇ ਹਨ [ਚਿੰਤਾਂ ਦੇ ਵਿਚਾਰਾਂ ਅਤੇ ਮਨਾਹੀਂ ਦੇ ਵਿਚਾਰਾ ਦੁਆਰਾ], ਪਰ ਉਹ ਜਿਸ ਦੇ ਕੋਲ ਇੱਕ ਚੰਗਾ ਦਿਲ ਸਦਾ ਦਾਉਤਾਂ ਉਡਾਉਂਦਾ ਹੈ [ਹਾਲਤਾਂ ਤੋਂ ਬੇਪਰਵਾਹ]
>
> —ਕਹਾਉਤਾਂ 15:15

ਪਹਿਲੀ ਵਾਰ ਜਦੋਂ ਪਵਿੱਤਰ ਆਤਮਾ ਨੇ ਮੇਰੀ ਇਸ ਪਵਿੱਤਰ ਵਚਨ ਵਿੱਚ ਅਗਵਾਈ ਕੀਤੀ, ਮੈਂ ਨਹੀਂ ਜਾਣਦੀ ਸੀ ਕਿ "ਬਦਸ਼ਗਨੀਆਂ" ਕੀ ਸਨ, ਪਰ ਮੈਂ ਸਿੱਖਿਆ ਕਿ ਉਹ ਨਕਰਤਾਮਕ ਅਤੇ ਡਰਾਉਣੇ ਵਿਚਾਰ ਸਨ ਕਿ ਕੁਝ ਬੁਰਾ ਹੋਣ ਜਾ ਰਿਹਾ ਹੈ। ਮੈਨੂੰ ਇਹ ਵੀ ਸਵੀਕਾਰ ਕਰਨਾ ਸੀ ਕਿ ਮੈਂ ਉਹ ਪ੍ਰਾਪਤ ਕਰ ਰਹੀ ਸੀ ਜਿਸ ਦੀ ਮੈਂ ਜਿਆਦਾਤਰ ਸਮੇਂ ਆਸ ਕੀਤੀ ਸੀ ਜੋ ਸਮੱਸਿਆ ਸੀ। ਮੈਂ ਆਪਣੇ ਜੀਵਨ ਨੂੰ ਬਦਲਣਾ ਚਾਹੁੰਦੀ ਸੀ ਅਤੇ ਨਹੀਂ ਸਮਝੀ ਕਿ ਕਿਉਂ ਪਰਮੇਸ਼ੁਰ ਬਦਲ ਨਹੀਂ ਰਿਹਾ ਸੀ, ਪਰ ਮੈਂ ਅੰਤ ਜਾਣਿਆ ਕਿ ਇਸ ਤੋਂ ਪਹਿਲਾਂ ਕਿ ਉਹ ਮੇਰੇ ਜੀਵਨ ਨੂੰ ਬਦਲ ਸਕੇ ਮੈਨੂੰ ਮੇਰੀ ਸੋਚ ਨੂੰ ਬਦਲਣਾ ਸੀ।

ਕਿਸੇ ਵੀ ਬਾਰੇ ਨਕਰਾਤਮਕ ਨਾ ਹੋਵੋ...ਨਾ ਹੀ ਤੁਹਾਡੇ ਭਵਿੱਖ ਜਾਂ ਇੱਥੋਂ ਤੱਕ ਕਿ ਤੁਹਾਡੇ ਭੂਤਕਾਲ ਬਾਰੇ ਵੀ। ਤੁਹਾਡਾ ਭੂਤਕਾਲ ਕੁਝ ਮਿਲਾ ਕੇ ਤੁਹਾਡੇ ਜੀਵਨ ਲਈ ਪਰਮੇਸ਼ੁਰ ਦੀ ਯੋਜਨਾ ਲਈ ਕੰਮ ਕਰ ਸਕਦਾ ਜੇਕਰ ਤੁਸੀਂ ਪਰਮੇਸ਼ੁਰ ਤੇ ਭਰੋਸਾ ਕਰਦੇ ਹੋ। ਜਿੰਨੀਆਂ ਵੀ ਗਲਤੀਆਂ ਤੁਸੀਂ ਕਰਦੇ ਤੁਹਾਨੂੰ ਇੱਕ ਚੰਗਾ ਅਤੇ ਬੁੱਧੀਮਾਨ ਵਿਅਕਤੀ ਬਣਾ ਸਕਦੀਆਂ ਹਨ। ਤੁਸੀਂ ਉਨ੍ਹਾਂ ਤੋਂ ਸਿੱਖ ਸਕਦੇ ਅਤੇ ਉਨ੍ਹਾਂ ਗਲਤੀਆਂ ਨੂੰ ਇੱਕ ਵਾਰ ਫੇਰ ਕਦੇ ਨਾ ਕਰਨ ਦਾ ਫੈਸਲਾ ਕਰੋ। ਤੁਹਾਡੇ ਅਰਥ-ਪ੍ਰਬੰਧ, ਮਿੱਤਰਾਂ, ਪਰਿਵਾਰ ਜਿਸ ਤਰ੍ਹਾਂ ਤੁਸੀਂ ਦਿਖਾਈ ਦਿੰਦੇ, ਨੌਕਰੀ ਜੋ ਤੁਹਾਡੇ ਕੋਲ ਹੈ ਜਾਂ ਨਹੀਂ ਹੈ, ਤੁਸੀਂ ਕਿੱਥੇ ਰਹੋਗੇ, ਕਿਸ ਕਿਸਮ ਦੀ ਕਾਰ ਤੁਸੀਂ ਚਲਾਉਗੇ, ਜਾਂ ਕੁਝ ਹੋਰ ਬਾਰੇ ਨਕਰਾਤਾਮਕ ਨਾ ਹੋਵੋ। ਇੱਕ ਸਕਾਰਾਤਮਕ ਰਵੱਈਆ ਵਿਕਸਿਤ ਕਰੋ, ਅਤੇ ਇਹ ਇੱਕ ਸਕਰਾਤਮਕ ਅਤੇ ਸ਼ਕਤੀਸ਼ਾਲੀ ਜੀਵਨ ਹੋਣ ਲਈ ਤੁਹਾਡੀ ਸਹਾਇਤਾ ਕਰੇਗਾ।

## ਚਿੰਤਾਂ ਨਾ ਕਰੋ ਜਾਂ ਫ਼ਿਕਰ ਨਾ ਕਰੋ

ਚਿੰਤਾਂ ਅਤੇ ਫ਼ਿਕਰ ਸੋਚ ਦੀਆਂ ਦੋ ਕਿਸਮਾਂ ਹਨ ਜੋ ਬੁਰੀਆਂ ਹਨ। ਚਿੰਤਾਂ ਕੁਝ ਵੀ ਭਲਾ ਨਹੀਂ ਕਰਦੀ, ਪਰ ਇਹ ਬਹੁਤ ਸਾਰਾ ਨੁਕਸਾਨ ਕਰ ਸਕਦੀ ਹੈ। ਆਪਣੀਆਂ ਸਾਰੀਆਂ ਚਿੰਤਾਵਾਂ ਦੇ ਸਥਾਨ ਤੇ ਪਰਮੇਸ਼ੁਰ ਤੇ ਤੁਹਾਡੀਆਂ ਸਾਰੀਆਂ ਸਮੱਸਿਆਵਾਂ ਦੀ ਦੇਖਰੇਖ ਕਰਨ ਲਈ ਭਰੋਸਾ ਕਰਨ ਨੂੰ ਰੱਖੋ। ਚਿੰਤਾ ਜਿੰਨੀ ਤੁਹਾਡੀ ਉਮਰ ਹੈ ਉਸ ਨਾਲੋਂ ਜਿਆਦਾ ਤੁਹਾਨੂੰ ਵਿਖਾਈ ਦੇਣ ਵਾਲਾ ਬਣਾਉਂਦੀ ਹੈ, ਤੁਹਾਨੂੰ ਸਿਰ ਪੀੜ ਅਤੇ ਢਿੱਡ ਪੀੜ ਦੀਆਂ ਸਮੱਸਿਆਵਾਂ ਦਿੰਦੀ ਹੈ, ਅਤੇ ਇਨ੍ਹਾਂ ਨਾਲ ਜਾਣ ਲਈ ਤੁਹਾਨੂੰ ਮੁਸ਼ਕਿਲ ਬਣਾਉਂਦੀ ਹੈ। ਇਹ ਤੁਹਾਡੇ ਜੀਵਨ ਲਈ ਪਰਮੇਸ਼ੁਰ ਦੀ ਯੋਜਨਾ ਨਹੀਂ ਹੈ।

ਨਾ ਚਿੰਤਾ ਕਰਨਾ ਪਹਿਲੀ ਵਾਰ ਮੁਸ਼ਕਿਲ ਹੋ ਸਕਦਾ ਹੈ ਕਿਉਂ ਜੋ ਤੁਹਾਨੂੰ ਤੁਹਾਡੀ ਦੇਖਰੇਖ ਕਰਨ ਅਤੇ ਇਹ ਅਨੁਮਾਨ ਲਗਾਉਣ ਲਈ ਕੀ ਅੱਗੇ ਕੀ

ਕਰਨਾ ਚਾਹੀਦਾ ਹੈ ਦੀ ਆਦਤ ਹੈ, ਯਾਦ ਰੱਖੋ ਕਿ ਤੁਸੀਂ ਹੁਣ ਜੀਉਣ ਲਈ ਇੱਕ ਰਾਹ ਨੂੰ ਸਿੱਖ ਰਹੇ ਹੋ।

ਲੋਕ ਜਿੰਨ੍ਹਾਂ ਦਾ ਪਰਮੇਸ਼ੁਰ ਨਾਲ ਕੋਈ ਸੰਬੰਧ ਨਹੀਂ ਹੁੰਦਾ ਮਹਿਸੂਸ ਕਰ ਸਕਦੇ ਕਿ ਉਨ੍ਹਾਂ ਨੂੰ ਚਿੰਤਾ ਕਰਨੀ ਹੈ, ਪਰ ਤੁਹਾਨੂੰ ਕਰਨ ਦੀ ਲੋੜ ਨਹੀਂ ਹੈ। ਪਰਮੇਸ਼ੁਰ ਤੁਹਾਡੀ ਵੱਲ ਹੈ, ਅਤੇ ਆਖਦਾ ਹੈ ਕਿ ਤੁਸੀਂ ਆਪਣੀ ਚਿੰਤਾਂ ਨੂੰ ਉਸ ਉੱਤੇ ਸੁੱਟ ਸਕਦੇ ਅਤੇ ਉਹ ਤੁਹਾਡੀ ਫ਼ਿਕਰ ਕਰੇਗਾ (1 ਪਤਰਸ 5:7)।

ਫ਼ਿਕਰ ਦਾ ਅਰਥ ਕਿ ਅਸੀਂ ਕਲ ਦੀ ਚਿੰਤਾਂ ਬਾਰੇ ਅੱਜ ਨੂੰ ਬਿਤਾ ਰਹੇ ਹਾਂ। ਯਿਸੂ ਨੇ ਕਿਹਾ ਕਿ ਉਹ ਨਾ ਕਰੋ ਕਿਉਂਕਿ ਹਰੇਕ ਦਿਨ ਲਈ ਇਸ ਦਾ ਆਪਣਾ ਦੁੱਖ ਬਥੇਰਾ ਹੈ (ਮੱਤੀ 6:34)। ਤੁਸੀਂ ਜਾਣੋਗੇ ਕਿ ਕੀ ਕਰਨਾ ਹੈ ਜਦੋਂ ਇਹ ਕਰਨ ਦਾ ਸਮਾਂ ਆਉਂਦਾ ਹੈ, ਪਰ ਤੁਸੀਂ ਸੰਭਾਵੀ ਤਦ ਤੱਕ ਜਾਣੋਗੇ ਨਹੀਂ। ਪਰਮੇਸ਼ੁਰ ਚਾਹੁੰਦਾ ਕਿ ਤੁਸੀਂ ਉਸ ਤੇ ਭਰੋਸਾ ਰੱਖਣਾ ਸਿੱਖੋ। ਉਹ ਕਦੀ ਵੀ ਲੇਟ ਨਹੀਂ ਹੁੰਦਾ ਹੈ, ਪਰ ਉਹ ਅਕਸਰ ਪਹਿਲਾਂ ਵੀ ਨਹੀਂ ਕਰਦਾ ਹੈ। ਨਵੇਂ ਵਿਸ਼ਵਾਸੀ ਲਈ, ਇਹ ਇੰਤਜ਼ਾਰ ਕਰਨਾ ਮੁਸ਼ਕਿਲ ਹੈ ਕਿਉਂ ਜੋ ਤੁਹਾਨੂੰ ਇਸ ਦੀ ਆਦਤ ਨਹੀਂ ਹੈ। ਇਸ ਤਰ੍ਹਾਂ, ਕੁਝ ਸਮੇਂ ਬਾਅਦ, ਤੁਸੀਂ ਇਸ ਨੂੰ ਪਸੰਦ ਕਰਨਾ ਅਰੰਭ ਕਰ ਦਿਉਗੇ। ਤੁਹਾਡਾ ਮਨ ਅਰਾਮ ਵਿੱਚ ਹੋਵੇਗਾ ਅਤੇ ਤੁਸੀਂ ਹਰੇਕ ਦਿਨ ਅਗਲੇ ਦਿਨ ਦੀ ਚਿੰਤਾ ਕਰਨ ਤੋਂ ਬਿਨ੍ਹਾਂ ਜੀਉਣ ਲਈ ਅਜ਼ਾਦ ਹੋਵੋਗੇ।

ਹਰ ਸਮੇਂ ਜਦੋਂ ਤੁਸੀਂ ਚਿੰਤਾ ਕਰਨ ਲਈ ਪਰਖੇ ਜਾਂਦੇ, ਸਿਰਫ਼ ਸ਼ਤਾਨ ਨੂੰ ਯਾਦ ਕਰਾਉ ਕਿ ਤੁਸੀਂ ਪਰਮੇਸ਼ੁਰ ਦੇ ਬੱਚੇ ਹੋ ਅਤੇ ਉਸ ਨੇ ਤੁਹਾਡੀ ਚਿੰਤਾ ਕਰਨ ਦਾ ਵਾਇਦਾ ਕੀਤਾ ਹੈ।

ਤੁਹਾਡੇ ਮਨ ਨੂੰ ਨਵਾਂ ਕਰਨ ਦਾ ਰਾਹ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਅਤੇ ਮਨਨ ਕਰਨ ਵਿੱਚ ਪਾਇਆ ਜਾਂਦਾ ਹੈ। ਇਹ ਸਹੀ ਅਤੇ ਗਲਤ ਸੋਚ ਵਿਚਕਾਰ ਫ਼ਰਕ ਨੂੰ ਸਿੱਖਣ ਦਾ ਰਾਹ ਹੈ। ਉਦਾਹਰਣ ਲਈ, ਇੱਕ ਵਿਅਕਤੀ

ਸੋਚ ਸਕਦਾ ਹੈ ਕਿ ਉਨ੍ਹਾਂ ਨੂੰ ਓਹਨਾਂ ਦੇ ਸਾਰੇ ਜੀਵਨ ਗਰੀਬ ਰਹਿਣਾ ਹੈ ਕਿਉਂਕਿ ਗਰੀਬੀ ਸਦਾ ਉਨ੍ਹਾਂ ਦੇ ਪਰਿਵਾਰ ਵਿੱਚ ਰਹੀ ਹੈ। ਪਰ ਤੁਸੀਂ ਪਰਮੇਸ਼ੁਰ ਦੇ ਵਚਨ ਵਿੱਚ ਇਹ ਲੱਭੋਗੇ ਕਿ ਇਹ ਸਾਧਾਰਨ ਸੱਚ ਨਹੀਂ ਹੈ। ਪਰਮੇਸ਼ੁਰ ਦੀ ਸਹਾਇਤਾ ਨਾਲ ਅਤੇ ਉਸ ਦੇ ਸਿਧਾਂਤਾ ਨੂੰ ਤੁਹਾਡੇ ਜੀਵਨ ਵਿੱਚ ਲਾਗੂ ਕਰਨ ਦੁਆਰਾ, ਤੁਸੀਂ ਗਰੀਬੀ ਦੇ ਚੱਕਰ ਨੂੰ ਤੋੜ ਸਕਦੇ ਹੋ ਅਤੇ ਤੁਹਾਡੇ ਜੀਵਨ ਦੇ ਹਰ ਖੇਤਰ ਵਿੱਚ ਕਾਫ਼ੀ ਨਾਲੋਂ ਜਿਆਦਾ ਤੁਹਾਡਾ ਹੋਵੇਗਾ। ਪਰਮੇਸ਼ੁਰ ਦਾ ਵਚਨ ਆਖਦਾ ਹੈ ਕਿ ਬਾਕੀ ਸਭ ਤੋਂ ਉੱਪਰ ਉਹ ਚਾਹੁੰਦਾ ਕਿ ਤੁਸੀਂ ਖੁਸ਼ਹਾਲ ਹੋਵੋ ਅਤੇ ਸੇਹਤਮੰਦ ਹੋਵੋ, ਸਗੋਂ ਤੁਹਾਡੀ ਜਾਨ ਵੀ ਖੁਸ਼ਹਾਲ ਹੋਵੇ (3 ਯੂਹੰਨਾ 2)। ਜਦੋਂ ਤੁਸੀਂ ਤੁਹਾਡੀ ਸਮਝ ਵਿੱਚ ਸਿੱਧ ਹੁੰਦੇ ਅਤੇ ਪਰਮੇਸ਼ੁਰ ਨਾਲ ਆਗਿਆਕਾਰੀ ਵਿੱਚ ਚੱਲਦੇ, ਉਹ ਤੁਹਾਨੂੰ ਹਰ ਚੰਗੀ ਵਸਤੂ ਦੇਵੇਗਾ ਜਿਸ ਦਾ ਤੁਸੀਂ ਸਹੀ ਤਰ੍ਹਾਂ ਨਾਲ ਪ੍ਰਯੋਗ ਕਰ ਸਕਦੇ ਅਤੇ ਬੁੱਧੀਮਾਨ ਨਾਲ ਪ੍ਰਯੋਗ ਕਰ ਸਕਦੇ ਹੋ।

ਪਰਮੇਸ਼ੁਰ ਤੁਹਾਡੀਆਂ ਲੋੜਾਂ ਨੂੰ ਪੂਰਾ ਕਰੇਗਾ, ਅਤੇ ਤੁਹਾਨੂੰ ਡਰ ਵਿੱਚ ਰਹਿਣ ਦੀ ਲੋੜ ਨਹੀਂ ਹੈ। ਜੇਕਰ ਤੁਹਾਨੂੰ ਨੌਕਰੀ ਦੀ ਲੋੜ ਹੈ, ਤੁਸੀਂ ਪ੍ਰਾਰਥਨਾ ਕਰ ਸਕਦੇ ਅਤੇ ਉਹ ਇੱਕ ਨੌਕਰੀ ਲੱਭਣ ਵਿੱਚ ਤੁਹਾਡੀ ਸਹਾਇਤਾ ਕਰੇਗਾ। ਉਹ ਤੁਹਾਨੂੰ ਹਰ ਗੱਲ ਜਿਸ ਨੂੰ ਤੁਸੀਂ ਛੂਹ ਲੈਂਦੇ ਨੂੰ ਖੁਸ਼ਹਾਲ ਅਤੇ ਸਫ਼ਲ ਹੋਣ ਲਈ ਕਿਰਪਾ ਅਤੇ ਕਾਰਨ ਦੇਵੇਗਾ।

ਯਿਸੂ ਚਾਹੁੰਦਾ ਹੈ ਕਿ ਤੁਹਾਡੇ ਕੋਲ ਇੱਕ ਚੰਗਾ ਜੀਵਨ ਹੋਵੇ। ਉਹ ਚਾਹੁੰਦਾ ਕਿ ਤੁਸੀਂ ਉਸ ਜੀਵਨ ਦਾ ਅਨੰਦ ਲਉ ਜੋ ਤੁਹਾਨੂੰ ਦੇਣ ਲਈ ਉਹ ਮਰ ਗਿਆ। ਗਿਆਨ ਪ੍ਰਾਪਤ ਕਰੋ, ਸਮਝ ਪ੍ਰਾਪਤ ਕਰੋ, ਸਮਝ ਅਤੇ ਸਿਆਣਪ ਪ੍ਰਾਪਤ ਕਰੋ। ਬਿਨ੍ਹਾਂ ਗਿਆਨ ਦੇ ਲੋਕ ਨਾਸ਼ ਹੋ ਜਾਂਦੇ ਹਨ, ਇਸ ਲਈ ਇਸ ਨੂੰ ਪੁਕਾਰੋ। ਯਿਸੂ ਮਸੀਹ ਪਰਮੇਸ਼ੁਰ ਤੋਂ ਸਾਡੀ ਬੁੱਧੀ ਹੈ (1 ਕੁਰਿੰਥੀਆਂ 1:30)। ਉਸ ਨੂੰ ਕਹੋ ਕਿ ਤੁਹਾਡੇ ਅੰਦਰ ਬੁੱਧੀ ਨੂੰ ਵੱਧਣ ਅਤੇ ਤੁਹਾਡੇ ਮਨ ਨੂੰ ਚਾਨਣ ਦੇਵੇ ਤਾਂ ਜੋ ਤੁਸੀਂ ਉਸ ਦੇ ਰਾਹਾਂ ਵਿੱਚ ਚੱਲ ਸਕੋ। “ਕਿਉਂ ਜੋ ਬੁੱਧ ਲਾਲਾਂ ਨਾਲੋਂ ਵੀ ਉੱਤਮ ਹੈ, ਅਤੇ ਸੱਭੇ ਮਨੋਹਰ ਵਸਤਾਂ ਉਸ ਦੇ ਤੁੱਲ ਨਹੀਂ ਹੁੰਦੀਆਂ” (ਕਹਾਉਤਾਂ 8:11)।

## ਸੋਚਣ ਦਾ ਇੱਕ ਨਵਾਂ ਢੰਗ

ਮੇਰੀ ਸਭ ਤੋਂ ਵੱਧ ਵਿਕਣ ਵਾਲੀ ਪੁਸਤਕ *ਮਨ ਦੀ ਯੁੱਧ ਭੂਮੀ* ਹੈ। ਮੈਂ ਸਿਫ਼ਾਰਸ਼ ਕਰਨਾ ਚਾਹੁੰਦੀ ਹਾਂ ਕਿ ਜਿੰਨੀ ਵੀ ਛੇਤੀ ਹੋਵੇ ਤੁਸੀਂ ਇਸ ਨੂੰ ਪੜ੍ਹੋ। ਯਾਦ ਰੱਖੋ, ਤੁਹਾਡੀ ਸੋਚ ਨੂੰ ਨਵਾਂ ਕਰਨਾ ਸੰਭਾਵੀ ਕੁਝ ਪਲ ਲਈ ਇੱਕ ਲੜਾਈ ਵਾਂਙ ਪ੍ਰਤੀਤ ਹੋਵੇਗਾ, ਪਰ ਹਿੰਮਤ ਨਾ ਹਾਰੋ। ਉਹ ਜਿਹੜੇ ਮਿਹਨਤ ਨਾਲ ਪਰਮੇਸ਼ੁਰ ਨੂੰ ਭਾਲਦੇ ਇਨਾਮ ਪਾਉਣਗੇ।

# ਅਧਿਆਏ 6

# ਗੱਲਬਾਤ ਕਰਨ ਦਾ ਇੱਕ ਨਵਾਂ ਢੰਗ

ਸ਼ਬਦ ਮੁਕਤੀ ਲਈ ਡੱਬੇ ਹੁੰਦੇ ਹਨ। ਉਹ ਜਾਂ ਤਾਂ ਕਿਰਿਆਸ਼ੀਲ ਜਾਂ ਤਬਾਹੀ ਦੀ ਮੁਕਤੀ ਰੱਖਦੇ ਹਨ। ਸਮੇਂ ਦੇ ਅਰੰਭ ਤੋਂ, ਜਦੋਂ ਪਰਮੇਸ਼ੁਰ ਬੋਲਿਆ, ਉਸ ਨੇ ਚੰਗੀਆਂ ਵਸਤਾਂ ਨੂੰ ਉਤਪਤ ਕੀਤਾ, ਅਤੇ ਸਾਨੂੰ ਉਸ ਦੇ ਨਮੂਨੇ ਦਾ ਪਾਲਣ ਕਰਨਾ ਚਾਹੀਦਾ ਹੈ।

> ਆਦਮੀ ਦਾ ਢਿੱਡ [ਨੈਤਿਕ] ਉਹ ਦੇ ਮੂੰਹ ਦੇ ਫਲ ਨਾਲ ਭਰਦਾ ਹੈ, ਅਤੇ ਬੁੱਲ੍ਹਾਂ ਦੀ ਪ੍ਰਾਪਤੀ ਨਾਲ ਉਹ ਰੱਜਦਾ ਹੈ [ਭਾਵੇਂ ਕਿ ਚੰਗਾਂ ਜਾਂ ਬੁਰਾ]
>
> ਮੌਤ ਅਤੇ ਜੀਉਣ ਦੋਵੇਂ ਜੀਭ ਦੇ ਵੱਸ ਵਿੱਚ ਹਨ, ਅਤੇ ਜੋ ਉਸ ਨਾਲ ਪ੍ਰੀਤ ਰੱਖਦੇ ਹਨ ਓਹ ਉਸ ਦਾ ਫਲ ਖਾਣਗੇ [ਮੌਤ ਜਾਂ ਜੀਉਣ ਲਈ] —ਕਹਾਉਤਾਂ 18:20-21

ਇਸ ਪਵਿੱਤਰ ਵਚਨ ਦਾ ਸਾਵਧਾਨੀ ਨਾਲ ਅਧਿਐਨ ਸਾਨੂੰ ਦੱਸਦਾ ਹੈ ਕਿ ਸਾਡੇ ਸ਼ਬਦ ਦੇ ਨਤੀਜ਼ੇ ਹੁੰਦੇ ਹਨ। ਕੁਝ ਭਲੇ ਨੂੰ ਅਤੇ ਕੁਝ ਬੁਰੇ ਨੂੰ ਲਿਆਉਂਦੇ ਹਨ। ਜਦੋਂ ਅਸੀਂ ਬੋਲਣ ਲਈ ਆਪਣੇ ਮੂੰਹ ਨੂੰ ਖੋਲਦੇ ਹਾਂ, ਸਾਨੂੰ ਸਾਡੇ ਸ਼ਬਦਾਂ ਦੀ ਸ਼ਕਤੀ ਨੂੰ ਪਛਾਨਣ ਦੀ ਲੋੜ ਹੈ। ਸਾਡੇ ਵਿਚਾਰ ਸਾਡੇ ਸ਼ਬਦ ਬਣ ਜਾਂਦੇ ਹਨ, ਅਤੇ ਉਹੀ ਮੁੱਖ ਕਾਰਨ ਹੈ ਕਿ ਸ਼ਤਾਨ ਨਕਰਾਤਮਕ

ਵਿਚਾਰਾਂ ਨੂੰ ਸਾਡੇ ਮਨਾਂ ਵਿੱਚ ਪਾਉਂਦਾ ਹੈ। ਉਹ ਜਾਣਦਾ ਹੈ ਕਿ ਜੇਕਰ ਅਸੀਂ ਉਨ੍ਹਾਂ ਨੂੰ ਆਪਣੇ ਵਿਚਾਰ ਕਰਕੇ ਲਈਏ ਤਦ ਨਤੀਜ਼ਨ ਅਸੀਂ ਉਨ੍ਹਾਂ ਨੂੰ ਬੋਲਾਂਗੇ, ਅਤੇ ਉਹ ਉਸ ਨੂੰ ਖੁੱਲਾ ਬੂਹਾ ਦੇਵੇਗਾ ਜਿਸ ਦੀ ਉਸ ਨੂੰ ਸਾਡੇ ਜੀਵਨਾਂ ਵਿੱਚ ਉਸ ਦੇ ਗੰਦੇ ਕੰਮ ਨੂੰ ਕਰਨ ਦੀ ਲੋੜ ਹੈ।

> ਜਿਹੜਾ ਆਪਣੇ ਮੂੰਹ ਅਤੇ ਆਪਣੀ ਜੀਭ ਦੀ ਰਾਖੀ ਕਰਦਾ ਹੈ, ਉਹ ਆਪਣੀ ਜਾਨ ਦੀ ਬਿਪਤਾ ਤੋਂ ਰਾਖੀ ਕਰਦਾ ਹੈ।—ਕਹਾਉਤਾਂ 21:23

ਵੱਡੀ ਪ੍ਰੀਖਿਆ ਇਸ ਸੰਸਾਰ ਵਿੱਚ ਜੋ ਅਸੀਂ ਵੇਖਦੇ ਅਤੇ ਮਹਿਸੂਸ ਕਰਦੇ ਬਾਰੇ ਗੱਲ ਕਰਨਾ ਹੈ, ਪਰ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸ ਬਾਰੇ ਗੱਲ ਕਰੀਏ ਜੋ ਉਸ ਦਾ ਵਚਨ ਆਖਦਾ ਹੈ ਕਿ ਸਾਡੇ ਕੋਲ ਹੋ ਸਕਦਾ ਹੈ। ਮੈਂ ਇਹ ਸੁਝਾਵ ਨਹੀਂ ਦੇ ਰਹੀ ਕਿ ਤੁਸੀਂ ਤੁਹਾਡੇ ਹਾਲਤਾਂ ਨੂੰ ਨਜ਼ਰਅੰਦਾਜ ਕਰੋ, ਪਰ ਮੈਂ ਇਹ ਕਹਿ ਰਹੀ ਹਾਂ ਕਿ ਤੁਸੀਂ ਉਨ੍ਹਾਂ ਤੇ ਜਿੱਤ ਪਾ ਸਕਦੇ ਹੋ, ਅਤੇ ਕਿਵੇਂ ਤੁਸੀਂ ਤੁਹਾਡੀਆਂ ਸਮੱਸਿਆਵਾਂ ਦੌਰਾਨ ਗੱਲ ਕਰਦੇ ਦਾ ਇਸ ਨਾਲ ਬਹੁਤ ਜਿਆਦਾ ਸੰਬੰਧ ਹੈ।

ਇਸਰਾਏਲੀਆਂ ਨੇ ਇੱਕ ਚਾਲੀ ਸਾਲ ਉਜਾੜ ਵਿੱਚ ਇੱਕ ਗਿਆਰਾਂ ਦਿਨ ਦੀ ਯਾਤਰਾ ਕਰਨ ਲਈ ਖਰਚ ਕੀਤੇ। ਉਹ ਉਨ੍ਹਾਂ ਹੀ ਪਹਾੜਾਂ ਦੁਆਲੇ ਵਾਰ ਵਾਰ ਜਾਂਦੇ ਰਹੇ, ਉਨੱਤੀ ਨਾ ਕਰਦੇ ਹੋਏ। ਉਨ੍ਹਾਂ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਸਨ ਅਤੇ ਉਨ੍ਹਾਂ ਵਿੱਚੋਂ ਇੱਕ ਸਭ ਤੋਂ ਵੱਡੀ ਸ਼ਿਕਾਇਤ ਕਰਨਾ ਸੀ। ਉਹ ਹਰ ਵਾਰ ਜਦੋਂ ਵੀ ਗੱਲਾਂ ਉਨ੍ਹਾਂ ਦੇ ਢੰਗ ਅਨੁਸਾਰ ਨਹੀਂ ਹੋਈਆਂ ਕੁੜਕੁੜਾਏ ਅਤੇ ਸ਼ਿਕਾਇਤ ਕੀਤੀ। ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸ ਦਾ ਧੰਨਵਾਦ ਅਤੇ ਵਡਿਆਈ ਕਰੀਏ ਜਦੋਂ ਅਸੀਂ ਜੀਵਨ ਦੀ ਉਜਾੜ ਵਿੱਚ ਅਤੇ ਇਸ ਦੇ ਨਾਲ ਹੀ ਜਦੋਂ ਪਾਹਾੜਾਂ ਦੀ ਚੋਟੀ ਤੇ ਹੈ। ਜੋ ਅਸੀਂ ਸਮੱਸਿਆ ਦੌਰਾਨ ਆਖਦੇ ਇਹ ਨਿਰਧਾਰਿਤ ਕਰਨ ਵਿੱਚ ਸਹਾਇਤਾ ਕਰਦਾ ਕਿ ਕਿੰਨਾ ਚਿਰ ਅਸੀਂ ਇਸ ਵਿਚ ਫਸੇ ਰਹਾਂਗੇ।

ਇਹ ਤੁਹਾਨੂੰ ਅਜ਼ੀਬ ਪ੍ਰਤੀਤ ਹੋ ਸਕਦਾ ਹੈ, ਪਰ ਤੁਹਾਡੇ ਵਚਨ ਵਿੱਚ ਸ਼ਕਤੀ ਹੈ। ਰੋਮੀਆਂ 4:17 ਆਖਦੀ ਅਸੀਂ ਇੱਕ ਅਜਿਹੇ ਪਰਮੇਸ਼ੁਰ ਦੀ ਸੇਵਾ ਕਰਦੇ ਜੋ ਅਣਹੋਣੀਆਂ ਗੱਲਾਂ ਨੂੰ ਏਵੇਂ ਸੱਦਦਾ ਭਈ ਉਹ ਜਾਣੋ ਸਨਮੁੱਖ ਹਨ। ਪਰਮੇਸ਼ੁਰ ਉਸ ਨੂੰ ਵੇਖਦਾ ਹੈ ਜੋ ਉਹ ਚਾਹੁੰਦਾ ਹੈ ਹੋਵੇ ਅਤੇ ਇਸ ਬਾਰੇ ਇਵੇਂ ਗੱਲ ਕਰਦਾ ਜਿਵੇਂ ਕਿ ਇਹ ਪਹਿਲਾ ਤੋਂ ਹੋ ਚੁੱਕਿਆ ਹੋਵੇ। ਇਹ ਕਰਨ ਲਈ, ਤੁਹਾਨੂੰ ਵਿਸ਼ਵਾਸ ਦੀ ਨਜ਼ਰ ਨਾਲ ਵੇਖਣਾ ਚਾਹੀਦਾ ਹੈ। ਵਿਸ਼ਵਾਸ ਉਸ ਨੂੰ ਜੋ ਉਹ ਅਜੇ ਨਹੀਂ ਵੇਖ ਸਕਦਾ ਜਾਂ ਸੁਭਾਵਿਕ ਇਸ ਨੂੰ ਮਹਿਸੂਸ ਨਹੀਂ ਕਰ ਸਕਦਾ ਸਚਿਆਈ ਵਜੋਂ ਮੰਨਦਾ ਹੈ। ਵਿਸ਼ਵਾਸ ਪਰਮੇਸ਼ੁਰ ਦੇ ਵਾਇਦਿਆਂ ਅਤੇ ਕੰਮਾਂ ਨੂੰ ਏਵੇਂ ਲੈਂਦਾ ਜਿਵੇਂ ਕਿ ਉਹ ਸੱਚ ਹਨ।

ਜੇਕਰ ਸਾਡੇ ਕੋਲ ਇੱਕ ਸਮੱਸਿਆ ਹੈ ਅਤੇ ਅਸੀਂ ਸੱਚਮੁੱਚ ਵਿਸ਼ਵਾਸ ਕਰਦੇ ਕਿ ਪਰਮੇਸ਼ੁਰ ਸਾਨੂੰ ਛੁਡਾਵੇਗਾ, ਅਸੀਂ ਹੁਣ ਖੁਸ਼ ਹੋ ਸਕਦੇ ਹਾਂ। ਸਾਨੂੰ ਤਦ ਤੱਕ ਇੰਤਜ਼ਾਰ ਨਹੀਂ ਕਰਨਾ ਜਦ ਤੱਕ ਕਿ ਅਸੀਂ ਇੱਕ ਬਦਲਾਵ ਨੂੰ ਨਹੀਂ ਵੇਖਦੇ ਕਿਉਂਕਿ ਵਿਸ਼ਵਾਸ ਦੁਆਰਾ ਇਹ ਸਾਡੇ ਕੋਲ ਹੈ। ਅਸੀਂ ਅੰਦਰ ਡੂੰਘਾਈ ਵਿੱਚ ਕਿਤੇ ਜਾਣਦੇ ਹਾਂ ਕਿ ਪਰਮੇਸ਼ੁਰ ਸਾਡੇ ਬਦਲੇ ਕੰਮ ਕਰ ਰਿਹਾ ਹੈ।

ਜਦੋਂ ਨਬੀ ਹਿਜ਼ਕੀਏਲ ਨੇ ਆਲੇ ਦੁਆਲੇ ਵੇਖਿਆ, ਜੋ ਉਸ ਨੇ ਸੱਭ ਵੇਖਿਆ ਮੁਰਦਾ, ਸੁੱਕਿਆ ਹੱਡੀਆਂ ਸਨ ਅਤੇ ਪਰਮੇਸ਼ੁਰ ਨੇ ਉਸ ਨੂੰ ਪੁੱਛਿਆ ਕਿ ਉਹ ਮੁੜ ਜੀਉਂਦਾ ਹੋ ਸਕਦੇ ਹਨ। ਹਿਜ਼ਕੀਏਲ ਨੇ ਜ਼ਵਾਬ ਦਿੱਤਾ, “ਔਹ ਪਰਮੇਸ਼ੁਰ, ਸਿਰਫ਼ ਤੂੰ ਜਾਣਦਾ ਨਹੀਂ।” ਉਸ ਦੇ ਜ਼ਵਾਬ ਵਿੱਚ, ਪਰਮੇਸ਼ੁਰ ਨੇ ਇਨ੍ਹਾਂ ਹੱਡੀਆਂ ਲਈ (ਬੋਲਣ) ਨਬੂਬਤ ਕਰਨ ਲਈ ਅਤੇ ਉਨ੍ਹਾਂ ਨੂੰ ਯਹੋਵਾਹ ਦਾ ਵਚਨ ਸੁਣਨ ਲਈ ਉਨ੍ਹਾਂ ਨੂੰ ਕਹਿਣ ਲਈ ਕਿਹਾ। ਹਿਜ਼ਕੀਏਲ ਉਸ ਤਰ੍ਹਾਂ ਕਰਨ ਲੱਗਾ ਜਿਵੇਂ ਕਿ ਉਸ ਨੂੰ ਬੋਲਣ ਦਾ ਹੁਕਮ ਦਿੱਤਾ ਗਿਆ ਸੀ, ਅਤੇ ਹੱਡੀਆਂ ਵਾਪਸ ਇਕੱਠੀਆਂ ਹੋਣ ਲੱਗ ਪਈਆਂ। ਮਾਸ ਅਤੇ ਚੰਮ ਉਨ੍ਹਾਂ ਤੇ ਆ ਗਿਆ ਅਤੇ ਉਹ ਉਨ੍ਹਾਂ ਦੇ ਪੈਰਾਂ ਤੇ ਇੱਕ ਸ਼ਕਤੀਸ਼ਾਲੀ ਸੈਨਾ ਵਜੋਂ ਖੜੇ ਹੋ ਗਏ (ਹਿਜ਼ਕੀਏਲ 37)। ਪਰਮੇਸ਼ੁਰ ਦੇ ਵਚਨ ਦੀ ਸ਼ਕਤੀ ਦੀ ਇੱਕ ਕੇਡੀ ਵੱਡੀ ਉਦਾਹਰਣ।

# ਪਰਮੇਸ਼ੁਰ ਦੇ ਵਚਨ ਨੂੰ ਉੱਚਾ ਬੋਲਣਾ

ਮੈਂ ਹਰ ਜਗ੍ਹਾ ਪਰਮੇਸ਼ੁਰ ਦੇ ਵਚਨ ਨੂੰ ਉੱਚੀ ਬੋਲਣ ਅਤੇ ਇਸ ਨੂੰ ਉਨ੍ਹਾਂ ਦੇ ਰੋਜਾਨਾ ਆਤਮਿਕ ਅਨੁਸ਼ਾਸਨ ਦੇ ਹਿੱਸੇ ਤੇ ਮਕਸਦ ਵਜੋਂ ਕਰਨ ਨੂੰ ਸਿਖਾਉਂਦੀ ਹਾਂ। ਇਹ ਸਭ ਤੋਂ ਮਹੱਤਵਪੂਰਨ ਗੱਲਾਂ ਵਿੱਚੋਂ ਇੱਕ ਹੈ ਜੋ ਪਰਮੇਸ਼ੁਰ ਨੇ ਮੈਨੂੰ ਸਿਖਾਇਆਂ ਹਨ, ਅਤੇ ਮੈਂ ਕਹਿ ਸਕਦੀ ਹਾਂ ਕਿ ਇਸ ਨੇ ਮੈਨੂੰ ਨਵਾਂ ਕਰਨ ਅਤੇ ਮੇਰੇ ਜੀਵਨ ਨੂੰ ਚੁਫੇਰਿਉਂ ਬਦਲਣ ਵਿੱਚ ਸਹਾਇਤਾ ਕੀਤੀ ਹੈ।

ਪਰਮੇਸ਼ੁਰ ਦਾ ਵਚਨ ਆਤਮਾ ਦੀ ਤਲਵਾਰ ਹੈ। ਇਹ ਸਭ ਤੋਂ ਵੱਡਾ ਹਥਿਆਰ ਜੋ ਤੁਸੀਂ ਸ਼ਤਾਨ ਵਿਰੁੱਧ ਪ੍ਰਯੋਗ ਕਰਨਾ ਹੈ। ਉਹ ਪਰਮੇਸ਼ੁਰ ਦੇ ਵਚਨ ਤੇ ਡਰਦਾ ਅਤੇ ਕੰਬਦਾ ਹੈ। ਲੂਕਾ 4 ਵਿੱਚ ਅਸੀਂ ਇੱਕ ਸਮੇਂ ਨੂੰ ਵੇਖਦੇ ਜਦੋਂ ਯਿਸੂ ਸ਼ਤਾਨ ਦੁਆਰਾ ਪਰਖਿਆ ਗਿਆ। ਉਹ ਇੱਕ ਉਜਾੜ ਵਿੱਚ ਸੀ, ਉਸ ਨੇ ਇੱਕ ਲੰਮੇ ਸਮੇਂ ਤੱਕ ਭੋਜਨ ਨਹੀਂ ਖਾਧਾ ਸੀ, ਅਤੇ ਸ਼ਤਾਨ ਉਸ ਦੇ ਮਨ ਵਿੱਚ ਵਿਚਾਰਾਂ ਨੂੰ ਪਾਉਣ ਲੱਗਾ। ਹਰ ਸਮੇਂ ਜਦੋਂ ਸ਼ਤਾਨ ਨੇ ਯਿਸੂ ਨਾਲ ਝੂਠ ਬੋਲਿਆ, ਯਿਸੂ ਨੇ ਇਹ ਕਹਿਣ ਦੁਆਰਾ ਜ਼ਵਾਬ ਦਿੱਤਾ, "ਇਸ ਤਰ੍ਹਾਂ ਲਿਖਿਆ ਹੈ ਅਤੇ ਤੱਦ ਉੱਚੀ ਇੱਕ ਵਚਨ ਦਾ ਹਵਾਲਾ ਦਿੱਤਾ ਜਿਸ ਨੇ ਝੂਠ ਦਾ ਇਨਕਾਰ ਕੀਤਾ। ਜਦੋਂ ਅਸੀਂ ਉਸ ਉਦਾਹਰਣ ਦਾ ਪਾਲਣ ਕਰਨਾ ਸਿੱਖਦੇ ਹਾਂ, ਅਸੀਂ ਸਾਡੇ ਜਿੱਤ ਦੇ ਰਾਹ ਤੇ ਠੀਕ ਹਾਂ।"

ਕੀ ਤੁਸੀਂ ਜੋ ਆਖਦੇ ਹੋ ਉਸ ਲਈ ਧਿਆਨ ਦੇਣਾ ਅਰੰਭ ਕਰਨ ਦੇ ਇਛੁੱਕ ਹੋ? ਜੇਕਰ ਤੁਸੀਂ ਹੋ, ਤੁਸੀਂ ਬਾਕੀ ਸਾਡੇ ਸਾਰੀਆਂ ਵਾਂਙ ਹੀ, ਪਾਵੋਂਗੇ, ਤੁਸੀਂ ਜੋ ਆਖਦੇ ਹੋ ਜੋ ਤੁਸੀਂ ਨਿਸ਼ਚਿਤ ਤੁਹਾਡੇ ਜੀਵਨ ਵਿੱਚ ਬਹੁਤ ਸਾਰੀਆਂ ਗੱਲਾਂ ਨਹੀਂ ਹੁੰਦੇ ਵੇਖਣਾ ਚਾਹੁੰਦੇ ਹੋ। ਮੈਂ ਵਿਸ਼ਵਾਸ ਕਰਦਾ ਹਾਂ ਕਿ ਅਸੀਂ ਜਿਸ ਢੰਗ ਨਾਲ ਅਸੀਂ ਚੱਲਦੇ ਹਾਂ ਉਸ ਰਾਹੀਂ ਸਾਡੇ ਸ਼ਾਂਤੀ ਅਤੇ ਅਨੰਦ ਦੇ ਪੱਧਰ ਨੂੰ ਵਧਾ ਜਾਂ ਘਟਾ ਸਕਦੇ ਹਾਂ। ਜੇਕਰ ਮੈਂ ਸਹੀ ਹਾਂ, ਤਾਂ ਕਿਉਂ ਨਾ ਕੁਝ ਅਜਿਹੀਆਂ ਗੱਲਾਂ ਕਹਾਂ ਜੋ ਤੁਹਾਨੂੰ ਉਦਾਸ ਹੋਣ ਦੀ ਬਜਾਏ ਖੁਸ਼ ਬਣਾਉਣ?

ਵਿਸ਼ਵਾਸ ਵਿੱਚ ਬੋਲਣਾ ਤੁਹਾਡੇ ਨਵੇਂ ਜੀਵਨ ਦਾ ਹਿੱਸਾ ਹੈ, ਇਸ ਲਈ ਹੁਣ ਤੋਂ ਅਰੰਭ ਕਰਨਾ ਸ਼ੁਰੂ ਕਰੋ। ਤੁਸੀਂ ਇਸ ਤਰ੍ਹਾਂ ਦੀਆਂ ਗੱਲਾਂ ਕਹਿ ਸਕਦੇ ਹੋ:

ਪਰਮੇਸ਼ੁਰ ਮੈਨੂੰ ਪਿਆਰ ਕਰਦਾ ਹੈ ਅਤੇ ਮੇਰੇ ਜੀਵਨ ਲਈ ਇੱਕ ਚੰਗੀ ਯੋਜਨਾ ਹੈ ਜਿੱਥੇ ਮੈਂ ਜਾਂਵਾਗਾ। ਮੇਰੇ ਤੇ ਕਿਰਪਾ ਹੋਵੇਗੀ।

ਜਿੱਥੇ ਵੀ ਮੈਂ ਆਪਣਾ ਹੱਥ ਰੱਖਾਂ ਉਹ ਖੁਸ਼ਹਾਲ ਅਤੇ ਸਫ਼ਲ ਹੋਵੇਗਾ।
ਪਰਮੇਸ਼ੁਰ ਮੇਰੇ ਲਈ ਸਹੀ ਬੂਹੇ ਖੋਲ੍ਹਦਾ ਅਤੇ ਗਲਤ ਬੰਦ ਕਰਦਾ ਹੈ।
ਮੈਂ ਬੁੱਧੀ ਵਿੱਚ ਚੱਲਦਾ ਹਾਂ।
ਮੈਂ ਸ਼ਾਂਤੀ ਨਾਲ ਭਰਿਆ ਹਾਂ।
ਮੈਂ ਅਨੰਦਿਤ ਹਾਂ।
ਮੈਂ ਪਿਆਰ ਵਿੱਚ ਚੱਲਦਾ ਹਾਂ।
ਕੁਝ ਚੰਗਾ ਅੱਜ ਮੇਰੇ ਨਾਲ ਹੋਣ ਜਾ ਰਿਹਾ ਹੈ।
ਮੇਰੇ ਸਾਡੇ ਬੱਚੇ ਪਰਮੇਸ਼ੁਰ ਨੂੰ ਪਿਆਰ ਕਰਦੇ ਅਤੇ ਉਸ ਦੀ ਸੇਵਾ ਕਰਦੇ ਹਨ।
ਮੇਰਾ ਵਿਵਾਹਿਕ ਜੀਵਨ ਹਰ ਦਿਨ ਚੰਗੇ ਤੋਂ ਚੰਗਾ ਹੁੰਦਾ ਜਾ ਰਿਹਾ ਹੈ।
ਜਿੱਥੇ ਮੈਂ ਵੀ ਮੈਂ ਜਾਂਦਾ ਮੈਂ ਇੱਕ ਬਰਕਤ ਹਾਂ।

ਇਹ ਸੂਚੀ ਪੂਰਵ ਅੰਤਰਹਿਤ ਹੋ ਸਕਦੀ ਹੈ। ਸਿਰਫ਼ ਇਨ੍ਹਾਂ ਨਿਸ਼ਚਿਤ ਕਰੋ ਕਿ ਜੋ ਤੁਸੀਂ ਕਹਿ ਰਹੇ ਹੋ ਉਹੀ ਪਰਮੇਸ਼ੁਰ ਦਾ ਵਚਨ ਵੀ ਆਖਦਾ ਹੈ। ਪਰਮੇਸ਼ੁਰ ਨਾਲ ਸਹਿਮਤੀ ਵਿੱਚ ਹੋਣਾ ਇੱਕ ਪੂਰੀ ਤਰ੍ਹਾਂ ਨਵੇਂ ਸੰਸਾਰ ਨੂੰ ਤੁਹਾਡੇ ਲਈ ਖੋਲ ਦੇਵੇਗਾ। ਇਹ ਪਰਮੇਸ਼ੁਰ ਦੀ ਯੋਜਨਾ ਨੂੰ ਕਿਰਿਆ ਵਿੱਚ ਲਿਆਵੇਗਾ, ਅਤੇ ਇੱਥੇ ਕੁਝ ਨਹੀਂ ਹੈ ਜੋ ਸ਼ਤਾਨ ਇਸ ਨੂੰ ਰੋਕਣ ਲਈ ਕਰ ਸਕਦਾ ਹੈ।

# ਅਧਿਆਏ 7

# ਆਪਣੇ ਆਪ ਨੂੰ ਵੇਖਣ ਦਾ ਇੱਕ ਨਵਾਂ ਢੰਗ

ਤੁਸੀਂ ਆਪਣੇ ਆਪ ਨੂੰ ਕਿਵੇਂ ਵੇਖਦੇ ਹੋ? ਤੁਹਾਡੀ ਖੁਦ ਦੀ ਤਸਵੀਰ ਇੱਕ ਫੋਟੋ ਵਾਂਙ ਹੈ ਜਿਸ ਨੂੰ ਤੁਸੀਂ ਆਪਣੇ ਬਟੂਏ ਦੇ ਦਿਲ ਵਿੱਚ ਰੱਖਦੇ ਹੋ। ਮੈਂ ਲੋਕਾਂ ਵਿੱਚ ਕਈ ਸਾਲਾਂ ਦੀ ਸੇਵਕਾਈ ਤੋਂ ਜਾਣਿਆ ਹੈ ਕਿ ਉਨ੍ਹਾਂ ਵਿੱਚੋਂ ਜਿਆਦਾਤਰ ਆਪਣੇ ਆਪ ਨੂੰ ਜਿਆਦਾ ਪਸੰਦ ਨਹੀਂ ਕਰਦੇ ਹਨ। ਮੇਰਾ ਖੁਦ ਨਾਲ ਹੀ ਕਈ ਸਾਲਾਂ ਤੋਂ ਇੱਕ ਬਹੁਤ ਬੁਰਾ ਸੰਬੰਧ ਸੀ ਅਤੇ ਮੇਰੇ ਜੀਵਨ ਵਿੱਚ ਸਭ ਕੁਝ ਵਿੱਚ ਜ਼ਹਿਰ ਭਰ ਰਿਹਾ ਸੀ। ਪਰਮੇਸ਼ੁਰ ਤੁਹਾਨੂੰ ਪਿਆਰ ਕਰਦਾ ਹੈ ਅਤੇ ਉਹ ਚਾਹੁੰਦਾ ਹੈ ਤੁਸੀਂ ਖੁਦ ਨਾਲ ਪਿਆਰ ਕਰੋ। ਇੱਕ ਸਵਾਰਥੀ ਜਾਂ ਖੁਦ ਤੇ ਕੇਂਦ੍ਰਿਤ ਢੰਗ ਨਾਲ ਨਹੀਂ, ਪਰ ਇੱਕ ਸੇਹਤਮੰਦ ਢੰਗ ਨਾਲ। ਜੋ ਤੁਹਾਡੇ ਕੋਲ ਨਹੀਂ ਹੈ ਤੁਸੀਂ ਉਸ ਨੂੰ ਦੇ ਨਹੀਂ ਸਕਦੇ ਹੋ। ਪਰਮੇਸ਼ੁਰ ਸਾਨੂੰ ਪਿਆਰ ਕਰਦਾ ਅਤੇ ਸਾਥੋਂ ਚਾਹੁੰਦਾ ਹੈ ਕਿ ਉਹ ਪਿਆਰ ਪਹਿਲਾਂ ਸਾਨੂੰ ਚੰਗਾ ਕਰੇ ਤਦ ਸਾਡੇ ਰਾਹੀਂ ਦੂਜਿਆਂ ਲੋਕਾਂ ਵਿੱਚ ਵੱਗ ਨਿਕਲੇ। ਆਪਣੇ ਆਪ ਨੂੰ ਸਹੀ ਪਿਆਰ ਕਰਨ ਦੁਆਰਾ ਜੇਕਰ ਪਰਮੇਸ਼ੁਰ ਕੋਲ ਜੋ ਤੁਹਾਡੇ ਲਈ ਪਿਆਰ ਹੈ ਉਸ ਨੂੰ ਸਵੀਕਾਰ ਕਰਨ ਤੋਂ ਤੁਸੀਂ ਇਨਕਾਰ ਕਰਦੇ ਹੋ, ਤਦ ਫਿਰ ਤੁਸੀਂ ਦੂਜਿਆਂ ਨੂੰ ਕਦੇ ਵੀ ਪਿਆਰ ਨਹੀਂ ਕਰ ਸਕਦੇ ਹੋ।

ਕੀ ਤੁਹਾਡੇ ਬਾਰੇ ਤੁਹਾਡੇ ਵਿਚਾਰ ਤੁਹਾਡੇ ਪ੍ਰਦਰਸ਼ਣ ਦੇ ਅਧਾਰ ਤੇ ਹੈ? ਸਾਡੇ ਵਿੱਚੋਂ ਜਿਆਦਾਤਰ ਲਈ ਉਹੀ ਸਥਿਤੀ ਹੈ, ਅਤੇ ਸਾਡੇ ਵਿਚਾਰ ਸਹੀ ਨਹੀਂ ਹੋ ਸਕਦੇ ਕਿਉਂ ਜੋ ਸਾਡਾ ਪ੍ਰਦਰਸ਼ਣ ਨਿਰੰਤਰ ਚੰਗਾ ਨਹੀਂ ਹੁੰਦਾ ਹੈ। ਅਸੀਂ ਅਸਿੱਧ ਪ੍ਰਾਣੀ ਹਾਂ ਅਤੇ ਅਸੀਂ ਗਲਤੀਆਂ ਕਰਦੇ ਹਾਂ। ਅਸੀਂ ਸਹੀ

ਕਰਨਾ ਚਾਹੁੰਦੇ ਪਰ ਅਸੀਂ ਸਦਾ ਗੜਬੜ ਕਰਦੇ ਹੀ ਜਾਪਦੇ ਹਾਂ। ਇਸੇ ਲਈ ਹੀ ਸਾਨੂੰ ਯਿਸੂ ਦੀ ਲੋੜ ਹੈ। ਉਹ ਉਸ ਦੀ ਤਾਕਤ ਨੂੰ ਸਾਡੀਆਂ ਕਮਜ਼ੋਰੀਆਂ ਵਿੱਚ ਜਿਆਦਾ ਸਿੱਧਤਾ ਨਾਲ ਵਿਖਾਉਂਦਾ ਹੈ।

ਤੁਸੀਂ ਪਰਮੇਸ਼ੁਰ ਲਈ ਕੋਈ ਹੈਰਾਨੀ ਨਹੀਂ ਹੋ। ਉਹ ਜਾਣਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਦੇ ਸੀ ਜਦੋਂ ਉਸ ਨੇ ਤੁਹਾਨੂੰ ਖੁਦ ਨਾਲ ਇੱਕ ਸੰਬੰਧ ਵਿੱਚ ਸੱਦਾ ਦਿੱਤਾ ਸੀ। ਉਹ ਪਹਿਲਾਂ ਤੋਂ ਉਹ ਹਰ ਗਲਤੀ ਨੂੰ ਜਾਣਦਾ ਸੀ ਜਿਸ ਨੂੰ ਅਸੀਂ ਆਪਣੇ ਜੀਵਨ ਵਿੱਚ ਕਰਾਂਗੇ, ਅਤੇ ਉਹ ਕੁਝ ਵੀ ਹੋਵੇ ਸਾਨੂੰ ਪਿਆਰ ਕਰਦਾ ਅਤੇ ਸਾਡੇ ਲਈ ਇੱਛਾ ਰੱਖਦਾ ਹੈ। ਆਪਣੇ ਆਪ ਤੇ ਜਿਆਦਾ ਕਠੋਰ ਨਾ ਹੋਵੋ। ਰੋਜ਼ਾਨਾ ਦੇ ਅਧਾਰ ਤੇ ਪਰਮੇਸ਼ੁਰ ਦੀ ਦਯਾ ਨੂੰ ਸਵੀਕਾਰ ਕਰਨਾ ਸਿੱਖੋ। ਹਰ ਦਿਨ ਉੱਠੋ ਅਤੇ ਜੋ ਵੀ ਤੁਸੀਂ ਪਰਮੇਸ਼ੁਰ ਦੀ ਮਹਿਮਾ ਲਈ ਕਰ ਸਕਦੇ ਉਸ ਨੂੰ ਉੱਤਮ ਕਰੋ। ਆਪਣਾ ਉੱਤਮ ਕਰੋ ਕਿਉਂ ਜੋ ਤੁਸੀਂ ਪਰਮੇਸ਼ੁਰ ਨੂੰ ਪਿਆਰ ਕਰਦੇ ਹੋ, ਇਸ ਲਈ ਨਹੀਂ ਕਿ ਤੁਸੀਂ ਉਸ ਦੇ ਪਿਆਰ ਨੂੰ ਪ੍ਰਾਪਤ ਕਰਨਾ ਚਾਹੁੰਦੇ ਹੋ। ਉਹ ਜਿੰਨਾਂ ਜਿਆਦਾ ਤੁਹਾਨੂੰ ਕਦੇ ਪਿਆਰੇ ਕਰੇਗਾ ਉਨ੍ਹਾਂ ਪਹਿਲਾ ਹੀ ਪਿਆਰ ਕਰਦਾ ਹੈ, ਅਤੇ ਤੁਹਾਡੇ ਲਈ ਉਸ ਦਾ ਪਿਆਰ ਸਿੱਧ ਹੈ। ਹਰ ਦਿਨ ਦੇ ਅੰਤ ਵਿੱਚ, ਪਰਮੇਸ਼ੁਰ ਨੂੰ ਤੁਹਾਡੇ ਸਾਰੇ ਪਾਪਾਂ ਅਤੇ ਗਲਤੀਆਂ ਨੂੰ ਮਾਫ਼ ਕਰਨ ਲਈ ਕਹੋ, ਇੱਕ ਚੰਗੀ ਮਿੱਠੀ ਨੀਂਦ ਸੋਵੋਂ, ਅਤੇ ਅਗਲੇ ਦਿਨ ਨਵਾਂ ਅਰੰਭ ਕਰੋ।

ਸ਼ਤਾਨ ਤੁਹਾਡੇ ਵਿਰੁੱਧ ਹੈ ਪਰ ਪਰਮੇਸ਼ੁਰ ਤੁਹਾਡੇ ਨਾਲ ਹੈ। ਤੁਹਾਡੇ ਪਰਮੇਸ਼ੁਰ ਵੱਲ ਹੋਣ ਦੀ ਲੋੜ ਹੈ ਕਿਉਂਕਿ ਜਦੋਂ ਦੋ ਸਹਿਮਤ ਹੁੰਦੇ, ਉਹ ਸ਼ਕਤੀਸ਼ਾਲੀ ਬਣ ਜਾਂਦੇ ਹਨ। ਤੁਸੀਂ ਪਰਮੇਸ਼ੁਰ ਦੀਆਂ ਨਜ਼ਰਾ ਵਿੱਚ ਕੀਮਤੀ ਹੋ ਅਤੇ ਤੁਹਾਡੇ ਕੋਲ ਬਹੁਤ ਸਾਰੀਆਂ ਯੋਗਤਾਵਾਂ ਹਨ ਜਿਹੜੀਆਂ ਪਰਮੇਸ਼ੁਰ ਲਈ ਉਪਯੋਗੀ ਹੋਣਗੀਆਂ। ਸਭ ਕੁਝ ਜੋ ਤੁਸੀਂ ਸੋਚਦੇ ਕਿ ਤੁਹਾਡੇ ਨਾਲ ਗਲਤ ਹੈ ਵੱਲ ਨਾ ਵੇਖੋ। ਇਹ ਨਾ ਵੇਖੋ ਕਿ ਕਿੰਨੀ ਦੂਰੀ ਤੱਕ ਜਾਣਾ ਹੈ। ਇਹ ਵੀ ਵੇਖੋ ਕਿ ਕਿੰਨੀ ਦੂਰੀ ਤੱਕ ਤੁਸੀਂ ਆ ਗਏ ਹੋ। ਹੁਣ ਤੁਸੀਂ ਮਸੀਹ ਯਿਸੂ ਵਿੱਚ ਇੱਕ

ਵਿਸ਼ਵਾਸੀ ਹੋ, ਅਤੇ ਉਹ ਜੀਵਨ ਵਿੱਚ ਸਭ ਕੁਝ ਅਦਭੁੱਦ ਹੋਣ ਦਾ ਇੱਕ ਅਰੰਭ ਹੈ।

## ਧਾਰਮਿਕਤਾ ਨੂੰ ਸਮਝਣਾ

ਧਾਰਮਿਕਤਾ (ਪਰਮੇਸ਼ੁਰ ਨਾਲ ਸਹੀ ਖੜੇ ਹੋਣਾ) ਯਿਸੂ ਵਿੱਚ ਵਿਸ਼ਵਾਸ ਰਾਹੀਂ ਆਉਂਦੀ ਹੈ, ਸਾਡੇ ਆਪਣੇ ਕੰਮਾਂ ਰਾਹੀਂ ਨਹੀਂ। ਇਹ ਇੱਕ ਪਰਮੇਸ਼ੁਰ ਦੀ ਦਾਤ ਹੈ ਅਤੇ ਇਹ ਤੁਹਾਨੂੰ ਯਿਸੂ ਨੂੰ ਤੁਹਾਡੇ ਮੁਕਤੀਦਾਤੇ ਵਜੋਂ ਸਵੀਕਾਰ ਕਰਨ ਦੇ ਸਮੇਂ ਤੁਹਾਨੂੰ ਦਿੱਤੀ ਗਈ ਹੈ।

ਇੱਥੇ ਬਹੁਤ ਸਾਰੀਆਂ ਆਇਤਾਂ ਹਨ ਜੋ ਇਸ ਦਾ ਸਮਰਥਣ ਕਰਦੀਆਂ ਹਨ। ਮੈਂ ਤੁਹਾਡੇ ਉਤਸਾਹ ਲਈ ਕੁਝ ਸੂਚੀ ਦੇਵਾਂਗੀ:

> ਉਹ ਨੇ ਮਸੀਹ [ਯਥਾਰਥ] ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ [ਸੰਪੰਨ ਬਣੀਏ, ਅੰਦਰ, ਉਸ ਦੀ ਉਦਾਹਰਣ ਵਿੱਚ ਵੇਖੇ ਜਾਈਏ] ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ [ਜੋ ਸਾਨੂੰ ਹੋਣਾ ਚਾਹੀਦਾ, ਉਸ ਨਾਲ, ਉਸ ਦੀ ਭਲਿਆਈ ਦੁਆਰਾ ਸਹੀ ਅਤੇ ਸਵੀਕਾਰ ਯੋਗ ਸੰਬੰਧ ਵਿੱਚ]
>
> —2 ਕੁਰਿੰਥੀਆਂ 5:21

ਵਾਹ! ਕਿੰਨੀ ਵਧੀਆ ਆਇਤ ਹੈ: ਮਸੀਹ ਪਾਪਰਹਿਤ ਸੀ, ਫਿਰ ਵੀ ਉਸ ਦੇ ਸਾਡੇ ਲਈ ਪਾਪ ਕਾਰਨ ਉਸ ਨੇ ਸਾਡੇ ਪਾਪ ਲੈ ਲਏ ਤਾਂ ਜੋ ਸਾਡਾ ਪਰਮੇਸ਼ੁਰ ਪਿਤਾ ਨਾਲ ਇੱਕ ਮਹਾਨ ਸੰਬੰਧ ਹੋ ਸਕੇ। ਪਰਮੇਸ਼ੁਰ ਹੁਣ ਉਸ ਨਾਲ ਸਹੀ ਖੜੇ ਹੋਣ ਵਿੱਚ ਅਤੇ ਸਵੀਕਾਰ ਕੀਤੇ ਹੋਏ ਅਤੇ ਪ੍ਰਮਾਣਿਤ ਹੋਏ ਸਾਨੂੰ ਵਿਚਾਰਦਾ ਹੈ ਕਿਉਂਕਿ ਅਸੀਂ ਯਿਸੂ ਨੂੰ ਸਾਡਾ ਮੁਕਤੀਦਾਤਾ ਸਵੀਕਾਰ ਕੀਤਾ ਹੋਇਆ ਹੈ। ਮੈਂ ਇੱਕ ਵਾਰ ਫੇਰ ਕਹਿਣਾ ਹੈ...ਵਾਹ!

ਇਹ ਡਰਨ ਦੀ ਬਜਾਏ ਕਿ ਪਰਮੇਸ਼ੁਰ ਨਾ ਖੁਸ਼ ਅਤੇ ਕ੍ਰੋਧਿਤ ਹੋਵੇਗਾ, ਅਸੀਂ "ਮਸੀਹ ਵਿੱਚ" ਉਸ ਸਾਹਮਣੇ ਖੜੇ ਹੋ ਸਕਦੇ ਅਤੇ ਜਾਣ ਸਕਦੇ ਕਿ ਅਸੀਂ ਸਵੀਕਾਰ ਕੀਤੇ ਗਏ ਹਾਂ।

> ਇਸ ਲਈ ਜੋ ਉਹ ਦੇ ਅੱਗੇ ਸ਼ਰਾ ਦੇ ਕਰਮਾਂ ਤੋਂ ਕੋਈ ਸਰੀਰ ਧਰਮੀ ਨਹੀਂ ਠਹਿਰੇਗਾ [ਧਰਮੀ ਬਣਾਇਆ, ਮੇਲ ਕਰਾਵੇਗਾ, ਅਤੇ ਨਿਆਂਯੋਗ ਸਵੀਕਾਰ ਕੀਤਾ ਜਾਵੇਗਾ] ਕਿਉਂ ਜੋ ਸ਼ਰਾ [ਅਸਲੀ ਕਾਰਜ] ਦੇ ਰਾਹੀਂ ਪਾਪ ਦੀ ਪਛਾਣ [ਸਿਰਫ਼ ਪ੍ਰਤੱਖ ਗਿਆਨ ਹੀ ਨਹੀਂ, ਪਰ ਪਾਪ ਨਾਲ ਇੱਕ ਪਛਾਣ ਜੋ ਤੋਬਾ, ਵਿਸ਼ਵਾਸ, ਅਤੇ ਪਵਿੱਤਰ ਚਰਿੱਤਰ ਪ੍ਰਤੀ ਕੰਮ ਕਰਦੀ ਹੈ] ਹੀ ਹੁੰਦੀ ਹੈ। —ਰੋਮੀਆਂ 3:20

> ਅਰਥਾਤ, ਪਰਮੇਸ਼ੁਰ ਦਾ ਉਹ ਧਰਮ ਜਿਹੜਾ ਯਿਸੂ ਮਸੀਹ [ਮਸੀਹ] ਤੇ ਵਿਅਕਤੀਗਤ ਵਿਸ਼ਵਾਸ ਕਰਨ ਅਤੇ ਨਿਹਚਾ ਕਰਨ ਤੋਂ ਪਾਈਦਾ ਹੈ। ਇਹ [ਉਨ੍ਹਾਂ ਸਭਨਾਂ ਦੇ ਲਈ ਹੈ] ਜਿਹੜੇ ਨਿਹਚਾ ਕਰਦੇ ਹਨ ਕਿਉਂ ਜੋ ਕੁਝ ਭਿੰਨ ਭੇਦ ਨਹੀਂ ਹੈ। —ਰੋਮੀਆਂ 3:22

> ਤਾਂ ਵੀ ਅਸੀਂ ਜਾਣਦੇ ਹਾਂ ਭਈ ਮਨੁੱਖ ਸ਼ਰਾ ਦੇ ਕੰਮਾਂ ਤੋਂ ਧਰਮੀ ਨਹੀਂ ਠਹਿਰਾਇਆ ਜਾਂਦਾ ਜਾਂ ਗਿਣਿਆ ਜਾਂਦਾ ਹੈ ਸਗੋਂ [ਨਿਰਾ] ਯਿਸੂ ਮਸੀਹ ਉੱਤੇ ਨਿਹਚਾ ਕਰਨ ਅਤੇ ਪੂਰਣ ਭਰੋਸਾ ਕਰਨ ਤੋਂ ਹੀ ਧਰਮੀ ਠਹਿਰਾਇਆ ਜਾਂਦਾ ਹੈ। —ਗਲਾਤੀਆਂ 2:16

ਇਹ ਤੁਹਾਡੇ ਆਤਮਿਕ ਵਾਧੇ ਲਈ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਆਪ ਨੂੰ ਮਸੀਹ ਯਿਸੂ ਵਿੱਚ ਤੁਹਾਡੇ ਵਿਸ਼ਵਾਸ ਰਾਹੀਂ ਪਰਮੇਸ਼ੁਰ ਦੇ ਸਾਹਮਣੇ ਸਹੀ ਖੜੇ ਹੁੰਦੇ ਵੇਖੋ। ਇਹ ਪਰੇਸ਼ੁਰ ਤੋਂ ਇੱਕ ਦਾਤ ਹੈ। ਜੇਕਰ ਤਸੀਂ ਆਪਣੇ ਬਾਰੇ ਬੁਰਾ ਮਹਿਸੂਸ ਕਰਦੇ ਹੋ, ਇਹ ਹੈਰਾਨ ਹੁੰਦੇ ਕਿ ਕਿਤੇ ਪਰਮੇਸ਼ੁਰ ਸਾਡੇ ਨਾਲ ਕ੍ਰੋਧਿਤ ਤਾਂ ਨਹੀਂ; ਅਸੀਂ ਉਸ ਸ਼ਕਤੀ ਨੂੰ ਗਵਾ ਦਿੰਦੇ ਜਿਸ ਵਿੱਚ ਪਰਮੇਸ਼ੁਰ

ਚਾਹੁੰਦਾ ਕਿ ਅਸੀਂ ਚੱਲੀਏ। ਯਿਸੂ ਵਿੱਚ ਵਿਸ਼ਵਾਸੀ ਹੁੰਦੇ ਹੋਏ ਸਾਡੇ ਕੋਲ ਸ਼ਤਾਨ ਤੇ ਇਖ਼ਤਿਆਰ ਹੈ, ਪਰ ਸਾਨੂੰ ਪਰਮੇਸ਼ੁਰ ਸਾਹਮਣੇ ਧਾਰਮਿਕਤਾ ਦੀ ਪੋਸ਼ਾਕ ਵਿੱਚ ਖੜੇ ਰਹਿਣਾ ਚਾਹੀਦਾ ਹੈ, ਨਾ ਕਿ ਦੋਸ਼ ਭਾਵਨਾ ਅਤੇ ਸਜ਼ਾ ਦੇ ਚਿਥੜਿਆਂ ਵਿੱਚ।

ਅਫ਼ਸੀਆਂ 6 ਅਸਲ ਵਿੱਚ ਆਖਦੀ ਕਿ ਸਾਨੂੰ ਧਾਰਮਿਕਤਾ ਨੂੰ ਇੱਕ ਸੰਜੋ ਵਾਂਙ ਪਹਿਨਣਾ ਹੈ। ਸਿਪਾਹੀ ਲਈ, ਸੰਜੋ ਉਸ ਦੇ ਦਿਲ ਨੂੰ ਢੱਕਦੀ ਹੈ। ਤੁਸੀਂ ਆਪਣੇ ਬਾਰੇ ਸੱਚਮੁੱਚ ਕੀ ਵਿਸ਼ਵਾਸ ਕਰਦੇ ਹੋ? ਕੀ ਤੁਸੀਂ ਵਿਸ਼ਵਾਸ ਰਾਹੀਂ ਨਿਹਚਾ ਕਰ ਸਕਦੇ ਕਿ ਤੁਸੀਂ ਪਰਮੇਸ਼ੁਰ ਨਾਲ ਸਹੀ ਖੜੇ ਹੋ? ਤੁਸੀਂ ਕਰ ਸਕਦੇ ਹੋ ਜੇਕਰ ਤੁਸੀਂ ਆਪਣੀਆਂ ਅੱਖਾਂ ਨੂੰ ਉਸ ਤੇ ਰੱਖੋ ਜੋ ਯਿਸੂ ਨੇ ਤੁਹਾਡੇ ਲਈ ਕੀਤਾ ਹੈ ਅਤੇ ਨਾ ਕਿ ਹਰ ਗਲਤੀ ਤੇ ਜੋ ਤੁਸੀਂ ਕਰਦੇ ਹੋ। ਤੁਸੀਂ ਗਲਤੀਆਂ ਕਰੋਗੇ ਅਤੇ ਜਦੋਂ ਤੁਸੀਂ ਕਰਦੇ ਹੋ, ਛੇਤੀ ਨਾਲ ਤੋਬਾ ਕਰੋ ਅਤੇ ਪਰਮੇਸ਼ੁਰ ਦੀ ਮਾਫ਼ੀ ਨੂੰ ਸਵੀਕਾਰ ਕਰ ਲਓ। ਇਹੋ ਇੱਕ ਢੰਗ ਹੈ ਜਿਸ ਰਾਹੀਂ ਅਸੀਂ ਧਾਰਮਿਕਤਾ ਵਿੱਚ ਚਲ ਸਕਦੇ ਹਾਂ। ਇਹ ਸਾਡੀ ਧਾਰਮਿਕਤਾ ਨਹੀਂ ਕਿ ਅਸੀਂ ਅੰਦਰ ਚੱਲਦੇ ਹਾਂ ਕਿਉਂਕਿ ਸਾਡੀ ਧਾਰਮਿਕਤਾ ਗੰਦੇ ਚਿਥੜਿਆਂ ਦੇ ਸਮਾਨ ਹੈ, ਪਰ ਅਸੀਂ ਯਿਸੂ ਮਸੀਹ ਵਿੱਚ ਸਾਡੇ ਵਿਸ਼ਵਾਸ ਰਾਹੀਂ ਪਰਮੇਸ਼ੁਰ ਦੀ ਧਾਰਮਿਕਤਾ ਵਿੱਚ ਚੱਲ ਸਕਦੇ ਅਤੇ ਚੱਲਣਾ ਚਾਹੀਦਾ ਹੈ।

ਇਹ ਅਦਭੁੱਦ ਨਵਾਂ ਰੱਵਈਆ ਜੋ ਤੁਸੀਂ ਤੁਹਾਡੇ ਪ੍ਰਤੀ ਰੱਖ ਸਕਦੇ ਹੋ ਯਿਸੂ ਵਿੱਚ ਇੱਕ ਵਿਸ਼ਵਾਸੀ ਹੋਣ ਵਜੋਂ “ਨਵੇਂ ਜੀਵਨ” ਦੇ ਬੰਡਲ ਦਾ ਤੁਹਾਡਾ ਹਿੱਸਾ ਹੈ।

## ਆਪਣੇ ਆਪ ਦਾ ਅਨੰਦ ਲੈਣਾ

ਹੁਣ ਤੁਸੀਂ ਆਪਣੇ ਆਪ ਦਾ ਅਨੰਦ ਲੈਣ ਲਈ ਅਜ਼ਾਦ ਹੋ, ਅਤੇ ਇਹ ਪਰਮੇਸ਼ੁਰ ਦੀ ਇੱਛਾ ਹੈ ਕਿ ਤੁਸੀਂ ਇਸ ਤਰ੍ਹਾਂ ਕਰੋ। ਤੁਹਾਡੇ ਅਤੇ ਮੁੱਲ ਅਤੇ ਕੀਮਤ ਨੂੰ ਉਸ ਤੇ ਅਧਾਰਿਤ ਨਾ ਕਰੋ ਜੋ ਦੂਜੇ ਤੁਹਾਡੇ ਬਾਰੇ ਆਖਦੇ ਜਾਂ

ਕਿਹਾ ਹੈ। ਲੋਕਾਂ ਨੇ ਤੁਹਾਡੇ ਨਾਲ ਵਰਤਾਉ ਕੀਤਾ ਜਾਂ ਤੁਹਾਡੇ ਜੀਵਨ ਵਿੱਚ ਪ੍ਰਾਪਤੀ ਤੇ ਅਧਾਰਿਤ ਇਸ ਨੂੰ ਨਾ ਕਰੋ। ਪਰਮੇਸ਼ੁਰ ਨੇ ਉਸ ਦੇ ਪਿਆਰੇ ਪੁੱਤਰ ਨੂੰ ਤੁਹਾਡੇ ਲਈ ਮਰਨ ਵਾਸਤੇ ਤੁਹਾਨੂੰ ਕਾਫ਼ੀ ਕੀਮਤੀ ਸੋਚਿਆ ਸੀ, ਅਤੇ ਉਹੀ ਇੱਕ ਅਨੰਦ ਹੋਣ ਦਾ ਕਾਰਨ ਹੈ।

ਬਾਈਬਲ ਸਾਨੂੰ ਸਪੱਸ਼ਟ ਸਿਖਾਉਂਦੀ ਹੈ ਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਜੀਵਨ ਦਾ ਅਨੰਦ ਲਈਏ, ਅਤੇ ਉਹ ਤੱਦ ਸੰਭਵ ਨਹੀਂ ਹੈ ਜੇਕਰ ਤੁਸੀਂ ਖੁਦ ਅਨੰਦ ਨਹੀਂ ਕਰਦੇ ਹੋ। ਤੁਸੀਂ ਇੱਕ ਵਿਅਕਤੀ ਹੋ ਜਿਸ ਤੋਂ ਤੁਸੀਂ ਕਦੇ ਦੂਰ ਨਹੀਂ ਹੋਵੋਗੇ, ਇੱਥੋਂ ਤੱਕ ਕਿ ਇੱਕ ਪਲ ਲਈ ਵੀ ਨਹੀਂ। ਜੇਕਰ ਤੁਸੀਂ ਖੁਦ ਅਨੰਦ ਨਾ ਕਰੋ, ਤੁਸੀਂ ਇੱਕ ਲਾਚਾਰ ਜੀਵਨ ਲਈ ਅੰਦਰ ਹੈ।

ਮੇਰੇ ਵਾਂਙ, ਤੁਸੀਂ ਦੂਜਿਆਂ ਲੋਕਾਂ ਤੋਂ ਭਿੰਨ ਹੋ ਜੋ ਤੁਸੀਂ ਜਾਣਦੇ ਹੋ, ਪਰ ਉਹ ਠੀਕ ਹੈ। ਇਹ ਅਸਲ ਵਿੱਚ ਕੁਝ ਹੈ ਜੋ ਪਰਮੇਸ਼ੁਰ ਨੂੰ ਮਕਸਦ ਨਾਲ ਕੀਤਾ। ਉਹ ਸਾਨੂੰ ਸਾਰੀਆਂ ਨੂੰ ਇੱਕ ਥੋੜੀ ਭਿੰਨਤਾ ਨਾਲ ਪੈਦਾ ਕਰਦਾ ਹੈ। ਉਸ ਨੂੰ ਭਿੰਨਤਾ ਪਸੰਦ ਹੈ। ਤੁਸੀਂ ਇੱਕ ਅਨੌਖੇ ਨਹੀਂ ਹੋ; ਤੁਸੀਂ ਇੱਕ ਅਨੋਖੇ ਅਸਲੀ ਹੋ, ਅਤੇ ਉਨ੍ਹਾਂ ਨਾਲੋਂ ਜਿਆਦਾ ਕੀਮਤੀ ਹੋ ਜਿਹੜੀਆਂ ਸਿਰਫ਼ ਕਿਸੇ ਹੋਰ ਦੀ ਨਕਲ ਹੀ ਹਨ।

ਆਪਣੇ ਆਪ ਦੀ ਤੁਲਨਾ ਦੂਜਿਆਂ ਨਾਲ ਅਤੇ ਉਨ੍ਹਾਂ ਨਾਲ ਮੁਕਾਬਲਾ ਕਰਨ ਵਿੱਚ ਨਾ ਖਰਚ ਕਰੋ (2 ਕੁਰਿੰਥੀਆਂ 10:12)। ਆਪਣੇ ਆਪ ਵਿੱਚ ਰਹੋ ਅਤੇ ਜੋ ਤੁਸੀਂ ਹੋ ਉਸ ਦਾ ਅਨੰਦ ਲਉ। ਤੁਹਾਡੇ ਸਾਡੇ ਬਾਕੀ ਸਾਰੀਆਂ ਵਾਂਙ ਹੀ ਖੇਤਰਾਂ ਵਿੱਚ ਬਦਲਣ ਦੀ ਲੋੜ ਹੈ, ਅਤੇ ਪਵਿੱਤਰ ਆਤਮਾ ਤੁਹਾਡੇ ਬਾਕੀ ਦੇ ਜੀਵਨ ਵਿੱਚ ਤੁਹਾਡੇ ਵਿੱਚ ਬਦਲਾਵ ਲਈ ਕੰਮ ਕਰਨ ਵਿੱਚ ਰੁੱਝਿਆ ਰਹੇਗਾ। ਖੁਸ਼ਖਬਰੀ ਇਹ ਹੈ ਕਿ ਜਦੋਂ ਕੰਮ ਚੱਲ ਰਿਹਾ ਹੈ ਤੁਸੀਂ ਆਪਣੇ ਆਪ ਦਾ ਅਨੰਦ ਲੈਣ ਲਈ ਅਜ਼ਾਦ ਹੋ।

## ਅਧਿਆਏ 8

# ਡਰ ਨੂੰ ਵਿਸ਼ਵਾਸ ਵਿੱਚ ਬਦਲਣਾ

ਅਸੀਂ ਸਾਰੇ ਜਾਣਦੇ ਹਾਂ ਕਿ ਡਰ ਕਿਸ ਤਰ੍ਹਾਂ ਦਾ ਮਹਿਸੂਸ ਹੁੰਦਾ ਹੈ। ਇਹ ਕਸ਼ਟਦਾਇਕ ਅਤੇ ਸਾਡੀ ਤਰੱਕੀ ਨੂੰ ਰੋਕਦਾ ਹੈ। ਡਰ ਸਾਨੂੰ ਹਿਲਾਉਣ ਵਾਲਾ, ਪਸੀਨਾ ਵਹਾਉਣ, ਕਮਜ਼ੋਰ ਮਹਿਸਸ ਕਰਨ ਵਾਲਾ, ਅਤੇ ਉਨ੍ਹਾਂ ਗੱਲਾਂ ਤੋਂ ਭੱਜਣ ਵਾਲਾ ਬਣਾ ਸਕਦਾ ਜਿੰਨਾਂ ਦਾ ਸਾਨੂੰ ਸਾਹਮਣਾ ਕਰਨਾ ਚਾਹੀਦਾ ਹੈ।

ਡਰ ਪਰਮੇਸ਼ੁਰ ਤੋਂ ਨਹੀਂ ਹੈ। ਇਹ ਚੰਗੇ ਜੀਵਨ ਨੂੰ ਬਿਤਾਉਣ ਜੋ ਪਰਮੇਸ਼ੁਰ ਚਾਹੁੰਦਾ ਕਿ ਅਸੀਂ ਬਿਤਾਈਏ ਤੋਂ ਸਾਨੂੰ ਰੋਕਣ ਦਾ ਸ਼ਤਾਨ ਦਾ ਸਾਧਨ ਹੈ (2 ਕੁਰਿੰਥੀਆਂ 1:7)। ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਵਿਸ਼ਵਾਸ ਵਿੱਚ ਰਹੀਏ। ਵਿਸ਼ਵਾਸ ਪਰਮੇਸ਼ੁਰ ਦੇ ਪੂਰਵ ਭਰੋਸੇ ਅਤੇ ਉਸ ਦੀ ਸ਼ਕਤੀ, ਬੁੱਧੀ ਅਤੇ ਭਲਿਆਈ ਵਿੱਚ ਵਿਸ਼ਵਾਸ ਤੇ ਸਾਡੇ ਸਾਰੇ ਵਿਅਕਤੀਤੱਵ ਨੂੰ ਟਿਕਾ ਦੇਣਾ ਹੈ। ਇਹ ਉਨ੍ਹਾਂ ਗੱਲਾਂ ਦਾ ਸਬੂਤ ਹੈ ਜਿੰਨਾਂ ਨੂੰ ਅਸੀਂ ਨਹੀਂ ਵੇਖ ਸਕਦੇ ਹਾਂ ਅਤੇ ਉਨ੍ਹਾਂ ਦੀ ਅਸਲੀਅਤ ਦਾ ਦ੍ਰਿੜ ਨਿਸ਼ਚੈ ਹੈ।

ਵਿਸ਼ਵਾਸ ਆਤਮਿਕ ਖੇਤਰ ਵਿੱਚ ਕੰਮ ਕਰਦਾ ਹੈ। ਤੁਸੀਂ ਸੰਭਾਵੀ ਸਿਰਫ਼ ਵਿਸ਼ਵਾਸ ਕਰਨ ਦੇ ਆਦੀ ਹੋ ਜੋ ਤੁਸੀਂ ਵੇਖ ਅਤੇ ਮਹਿਸੂਸ ਕਰ ਸਕਦੇ ਹੋ, ਪਰ ਇੱਕ ਪਰਮੇਸ਼ੁਰ ਦੇ ਬੱਚੇ ਹੁੰਦੇ ਹੋਏ ਤੁਹਾਨੂੰ ਇੱਕ ਅਜਿਹੇ ਖੇਤਰ ਵਿੱਚ ਅਰਾਮਦਾਇਕ ਹੋਣ ਦੀ ਲੋੜ ਹੈ ਜਿਸ ਨੂੰ ਤੁਸੀਂ ਵੇਖ ਨਹੀਂ ਸਕਦੇ (ਆਤਮਿਕ ਖੇਤਰ)। ਅਸੀਂ ਪਰਮੇਸ਼ੁਰ ਨੂੰ ਵੇਖ ਨਹੀਂ ਸਕਦੇ ਕਿਉਂਕਿ ਉਹ ਇੱਕ ਆਤਮਾ ਹੈ, ਪਰ ਅਸੀਂ ਉਸ ਵਿੱਚ ਦ੍ਰਿੜਤਾ ਨਾਲ ਵਿਸ਼ਵਾਸ ਰੱਖਦੇ ਹਾਂ। ਅਸੀਂ ਆਖ

ਤੌਰ ਤੇ ਸਵਰਗਦੂਤ ਨਹੀਂ ਵੇਖਦੇ ਹਾਂ, ਪਰ ਪਰਮੇਸ਼ੁਰ ਦਾ ਵਚਨ ਆਖਦਾ ਹੈ ਕਿ ਉਹ ਸਾਰੇ ਸਾਡੀ ਸੁਰੱਖਿਆ ਲਈ ਸਾਡੇ ਆਲੇ ਦੁਆਲੇ ਹਨ। ਪਰਮੇਸ਼ੁਰ ਅਤੇ ਉਸ ਦਾ ਵਚਨ ਵਿੱਚ ਸਾਡੇ ਵਿਸ਼ਵਾਸ ਨੂੰ ਰੱਖਣ ਦੁਆਰਾ, ਅਸੀਂ ਆਤਮਿਕ ਖੇਤਰ ਵਿੱਚ ਪਹੁੰਚ ਸਕਦੇ ਅਤੇ ਉਨ੍ਹਾਂ ਗੱਲਾਂ ਨੂੰ ਲੈ ਸਕਦੇ ਜਿੰਨਾਂ ਦਾ ਪਰਮੇਸ਼ੁਰ ਚਾਹੁੰਦਾ ਕਿ ਅਸੀਂ ਅਨੰਦ ਲਈਏ ਪਰ ਅਜੇ ਇੱਕ ਅਸਲੀਅਤ ਨਹੀਂ ਹਨ।

ਸ਼ਤਾਨ ਹਾਲਤਾਂ ਵੱਲ ਸਾਡਾ ਧਿਆਨ ਖਿੱਚਣ ਵਿੱਚ ਅਤੇ ਭਵਿੱਖ ਬਾਰੇ ਸਾਨੂੰ ਡਰਾਉਣ ਦੀ ਕੋਸ਼ਿਸ਼ ਕਰਨ ਵਿੱਚ ਪ੍ਰਸੰਨ ਹੁੰਦਾ ਹੈ। ਦੂਜੇ ਪਾਸੇ, ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸ ਤੇ ਭਰੋਸਾ ਰੱਖੀਏ, ਇਹ ਵਿਸ਼ਵਾਸ ਕਿ ਉਹ ਕਿਸੇ ਵੀ ਹਾਲਾਤ ਜਾਂ ਸ਼ਤਾਨ ਦੀ ਧਮਕੀ ਤੋਂ ਵੱਡਾ ਹੈ।

ਬਾਈਬਲ ਉਨ੍ਹਾਂ ਮਨੁੱਖ ਅਤੇ ਔਰਤਾਂ ਦੀ ਵੱਡੀਆਂ ਉਦਾਰਹਣਾ ਨਾਲ ਭਰੀ ਹੋਈ ਹੈ ਜਿੰਨਾਂ ਨੇ ਆਪਣੇ ਆਪ ਨੂੰ ਨਿਰਾਸ਼ ਹਾਲਤਾਂ ਵਿੱਚ ਪਾਇਆ, ਅਤੇ ਨਤੀਜ਼ਾ ਇਹ ਸੀ ਕਿ ਡਰ ਨੇ ਉਨ੍ਹਾਂ ਦੇ ਦਿਲਾਂ ਨੂੰ ਭਰ ਦਿੱਤਾ। ਪਰ ਉਨ੍ਹਾਂ ਨੇ ਪਰਮੇਸ਼ੁਰ ਵਿੱਚ ਵਿਸ਼ਵਾਸ ਰੱਖਣ ਦਾ ਫੈਸਲਾ ਕੀਤਾ। ਅਤੇ ਉਨ੍ਹਾਂ ਨੇ ਸ਼ਾਨਦਾਰ ਛੁੱਟਕਾਰੇ ਨੂੰ ਅਨੁਭਵ ਕੀਤਾ। ਤੁਹਾਨੂੰ ਫੈਸਲਾ ਕਰਨਾ ਹੈ ਕਿ ਤੁਸੀਂ ਡਰ ਜਾਂ ਵਿਸ਼ਵਾਸ ਵਿੱਚ ਰਹਿਣ ਜਾ ਰਹੇ ਹੋ। ਭਾਵੇਂ ਕਿ ਤੁਸੀਂ ਹੁਣ ਇੱਕ ਮਸੀਹੀ ਹੋ, ਤੁਸੀਂ ਹੁਣ ਵੀ ਸਭ ਕਿਸਮ ਦੇ ਡਰਾਂ ਦੁਆਰਾ ਸਤਾਏ ਜਾਂਦੇ ਤੁਹਾਡੇ ਜੀਵਨ ਨੂੰ ਬਿਤਾਉਣ ਜਾ ਰਹੇ ਹੋ ਤਦ ਤੱਕ ਜਦ ਤੱਕ ਕਿ ਤੁਸੀਂ ਵਿਸ਼ਵਾਸ ਦੁਆਰਾ ਜੀਉਣ ਦਾ ਫੈਸਲਾ ਨਹੀਂ ਕਰਦੇ ਹੋ। ਤੁਸੀਂ ਯਿਸੂ ਨੂੰ ਵਿਸ਼ਵਾਸ ਦੁਆਰਾ ਤੁਹਾਡਾ ਮੁਕਤੀਦਾਤਾ ਸਵੀਕਾਰ ਕੀਤਾ ਹੈ। ਅਗਲਾ ਕਦਮ ਵਿਸ਼ਵਾਸ ਦੁਆਰਾ ਰਹਿਣਾ ਸਿੱਖਣਾ ਹੈ।

> ਕਿਉਂ ਜੋ ਉਸ ਵਿੱਚ ਪਰਮੇਸ਼ੁਰ ਦਾ ਉਹ ਧਰਮ ਹੈ ਜੋ ਨਿਹਚਾ ਤੋਂ ਨਿਹਚਾ ਲਈ ਪਰਗਟ [ਵਿਸ਼ਵਾਸ ਦੇ ਰਾਹ ਰਾਹੀਂ ਪਰਗਟ ਹੁੰਦਾ ਜੋ ਹੋਰ ਜਿਆਦਾ ਵਿਸ਼ਵਾਸ ਨੂੰ ਜਗਾਉਂਦਾ ਹੈ] ਹੁੰਦਾ ਹੈ ਜਿਵੇਂ ਕਿ ਲਿਖਿਆ

ਹੋਇਆ ਹੈ ਭਈ ਧਰਮੀ ਨਿਹਚਾ ਤੋਂ ਜੀਉਂਦਾ ਵਿਸ਼ਵਾਸ ਰਾਹੀਂ ਜੀਉਂਦਾ ਰਹੇਗਾ। —ਰੋਮੀਆਂ 1:17

ਜਿਵੇਂ ਅਸੀਂ ਪਰਮੇਸ਼ੁਰ ਦੇ ਪਿਆਰ ਨੂੰ ਸਮਝਦੇ ਅਤੇ ਜਾਣਦੇ ਕਿ ਅਸੀਂ ਯਿਸੂ ਦੀ ਮੌਤ ਅਤੇ ਜੀ ਉੱਠਣ ਨਾਲ ਪਰਮੇਸ਼ੁਰ ਨਾਲ ਸਹੀ ਕੀਤੇ ਗਏ ਹਾਂ, ਅਸੀਂ ਵਿਸ਼ਵਾਸ ਵਿੱਚ ਚੱਲਣਾ ਅਸਾਨ ਪਾਉਂਦੇ ਹਾਂ। ਅਸੀਂ ਸਾਡੀ ਦੇਖਰੇਖ ਕਰਨ ਦੀ ਬਜਾਏ ਕਿ ਸਾਨੂੰ ਇਹ ਖੁਦ ਕਰਨਾ ਚਾਹੀਦਾ ਹੈ ਅਸੀਂ ਸਾਡੀ ਦੇਖਰੇਖ ਕਰਨ ਲਈ ਪਰਮੇਸ਼ੁਰ ਤੇ ਭਰੋਸਾ ਕਰਨਾ ਅਰੰਭ ਕਰ ਦਿੰਦੇ ਹਾਂ।

ਦਲੇਰੀ ਡਰ ਦੀ ਗੈਰ ਮੌਜੂਦਗੀ ਨਹੀਂ ਹੈ, ਪਰ ਇਹ ਇਸ ਦੀ ਮੌਜਦੂਗੀ ਵਿੱਚ ਕੰਮ ਕਰਨਾ ਹੈ। ਜਦੋਂ ਪਰਮੇਸ਼ੁਰ ਨੇ ਉਸ ਦੇ ਦਾਸਾਂ ਨੂੰ ਨਾ ਡਰਨ ਲਈ ਕਿਹਾ, ਉਹ ਉਨ੍ਹਾਂ ਨੂੰ ਇਹ ਹੁਕਮ ਨਹੀਂ ਦੇ ਰਿਹਾ ਸੀ ਕਿ ਡਰ ਮਹਿਸੂਸ ਨਾ ਕਰਨ, ਪਰ ਉਨ੍ਹਾਂ ਨੂੰ ਕਹਿ ਰਿਹਾ ਸੀ ਕਿ ਉਸ ਲਈ ਭਾਵੇਂ ਕਿ ਕਿਸ ਤਰ੍ਹਾਂ ਵੀ ਮਹਿਸੂਸ ਕਰਨ ਆਗਿਆਕਾਰੀ ਬਣਨ। ਪਰਮੇਸ਼ੁਰ ਜਾਣਦਾ ਹੈ ਕਿ ਡਰ ਦੀ ਆਤਮਾ ਉਸ ਨਾਲ ਸਾਡੀ ਯਾਤਰਾ ਵਿੱਚ ਉਨੱਤੀ ਕਰਨ ਤੋਂ ਸਾਨੂੰ ਪਰੇ ਰੱਖਣ ਲਈ ਸਦਾ ਕੋਸ਼ਿਸ਼ ਕਰੇਗੀ। ਇਸੇ ਲਈ ਹੀ ਉਹ ਵਾਰ ਵਾਰ ਸਾਨੂੰ ਉਸ ਦੇ ਵਚਨ ਵਿੱਚ ਆਖਦਾ ਹੈ ਉਹ ਹਮੇਸ਼ਾ ਹਰ ਸਮੇਂ ਸਾਡੇ ਨਾਲ ਹੈ ਅਤੇ ਉਸ ਕਾਰਨ ਸਾਨੂੰ ਡਰ ਅੱਗੇ ਸਿਰ ਨੂੰ ਨਹੀਂ ਲੁਕਾਉਣਾ ਹੈ।

ਏਲੀਨੋਰ ਰੂਸਵੈਲਟ ਨੇ ਕਿਹਾ, ਤੁਸੀਂ ਹਰ ਅਨੁਭਵ ਵਿੱਚ ਜਿਸ ਵਿੱਚ ਤੁਸੀਂ ਚੇਹਰੇ ਤੇ ਡਰ ਨੂੰ ਵਿਖਣਾ ਸੱਚਮੁੱਚ ਬੰਦ ਕਰ ਦਿੱਤਾ, ਤੁਸੀਂ ਤਾਕਤ, ਦਲੇਰੀ, ਅਤੇ ਭਰੋਸੇ ਨੂੰ ਪ੍ਰਾਪਤ ਕਰਦੇ ਹੋ। ਤੁਹਾਨੂੰ ਉਹ ਗੱਲਾਂ ਕਰਨੀਆਂ ਚਾਹੀਦੀਆਂ ਹਨ ਜਿਹੜੀਆਂ ਤੁਸੀਂ ਸੋਚਦੇ ਕਿ ਤੁਸੀਂ ਨਹੀਂ ਕਰ ਸਕਦੇ।

ਤਕੜੇ ਹੋਵੋ, ਹੌਸਲਾ ਰੱਖੋ, ਡਰੋ ਨਾ ਅਤੇ ਨਾ ਹੀ ਓਹਨਾਂ ਤੋਂ ਕੰਬੋ ਕਿਉਂ ਜੋ ਯਹੋਵਾਹ ਤੁਹਾਡਾ ਪਰਮੇਸ਼ੁਰ ਹੀ ਤੁਹਾਡੇ ਨਾਲ ਜਾਂਦਾ ਹੈ ਉਹ ਤੁਹਾਨੂੰ ਨਾ ਅਸਫਲ ਕਰੇਗਾ ਜਾਂ ਤੁਹਾਨੂੰ ਨੂੰ ਤਿਆਗੇਗਾ ਨਹੀਂ। —ਬਿਵਸਥਾ ਸਾਰ 31:6

ਸਿਰਫ਼ ਵਿਸ਼ਵਾਸ ਪਰਮੇਸ਼ੁਰ ਨੂੰ ਪ੍ਰਸੰਨ ਕਰਦਾ ਹੈ। ਅਸੀਂ ਵਿਸ਼ਵਾਸ ਰਾਹੀਂ ਪਰਮੇਸ਼ੁਰ ਤੋਂ ਪ੍ਰਾਪਤ ਕਰਦੇ ਹਾਂ। ਇਸ ਲਈ, ਮਸੀਹ ਵਿੱਚ ਨਵੇਂ ਵਿਸ਼ਵਾਸੀਆਂ ਲਈ ਵਿਸ਼ਵਾਸ ਬਾਰੇ ਸਿੱਖਣਾ ਅਤੇ ਇਸ ਵਿੱਚ ਚੱਲਣਾ ਅਰੰਭ ਕਰਨਾ ਸਭ ਤੋਂ ਜਿਆਦਾ ਮਹੱਤਵਪੂਰਨ ਹੈ। ਤੁਹਾਡੇ ਵਿਸ਼ਵਾਸ ਦਾ ਵਿਕਾਸ ਕਰਨਾ ਉਵੇਂ ਹੀ ਹੈ ਜਿਵੇਂ ਕਿ ਤੁਹਾਡੀਆਂ ਮਾਸ ਪੇਸ਼ੀਆਂ ਦਾ ਵਿਕਾਸ ਕਰਨਾ। ਤੁਸੀਂ ਤੁਹਾਡੇ ਵਿਸ਼ਵਾਸ ਦਾ ਥੋੜਾ ਥੋੜਾ ਕਰਕੇ ਅਭਿਆਸ ਕਰਦੇ ਹੋ, ਅਤੇ ਹਰ ਸਮੇਂ ਜਦੋਂ ਤੁਸੀਂ ਇਹ ਕਰਦੇ ਇਹ ਮਜ਼ਬੂਤ ਹੁੰਦਾ ਹੈ।

ਮੱਤੀ 17:20 ਸਾਨੂੰ ਇਹ ਸਿਖਾਉਂਦੀ ਹੈ ਕਿ ਉਨ੍ਹਾਂ ਲਈ ਸਾਰੀਆਂ ਗੱਲਾਂ ਸੰਭਵ ਹਨ ਜੋ ਉਸ ਤੇ ਵਿਸ਼ਵਾਸ ਕਰਦੇ ਹਨ। ਇੱਥੋਂ ਤੱਕ ਕਿ ਥੋੜਾ ਵਿਸ਼ਵਾਸ ਸਾਡੇ ਜੀਵਨਾ ਵਿੱਚ ਸਮੱਸਿਆ ਦੇ ਪਾਹਾੜਾਂ ਨੂੰ ਹਿਲਾ ਸਕਦਾ ਹੈ। ਤੁਸੀਂ ਸੰਭਾਵੀ ਤੁਹਾਡਾ ਸਾਰਾ ਜੀਵਨ ਤੁਹਾਡੀਆਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਬਿਤਾਇਆ ਹੈ ਅਤੇ ਬਹੁਤ ਵਾਰ ਅਸਫਲ ਅਤੇ ਨਿਰਾਸ਼ ਮਹਿਸੂਸ ਕੀਤਾ ਹੈ। ਜੇਕਰ ਇਸ ਤਰ੍ਹਾਂ ਹੈ, ਤੁਸੀਂ ਇੱਕ ਨਵੇਂ ਅਨੁਭਵ ਦੇ ਕਿਨਾਰੇ ਤੇ ਹੋ। ਹੁਣ ਤੁਸੀਂ ਪਰਮੇਸ਼ੁਰ ਨਾਲ ਗੱਲ ਕਰ ਸਕਦੇ (ਪ੍ਰਾਰਥਨਾ) ਅਤੇ ਉਸ ਨੂੰ ਹਰ ਗੱਲ ਵਿੱਚ ਜੋ ਤੁਹਾਨੂੰ ਚਿੰਤਾ ਦਿੰਦੀ ਵਿੱਚ ਸ਼ਾਮਿਲ ਹੋਣ ਲਈ ਸੱਦ ਸਕਦੇ ਹੋ, ਅਤੇ ਤੁਸੀਂ ਪਾਵੋਗੇ ਕਿ ਜੋ ਮਨੁੱਖ ਨਾਲ ਅਸੰਭਵ ਪਰਮੇਸ਼ੁਰ ਨਾਲ ਸੰਭਵ ਹੈ।

ਤੁਹਾਡੇ ਵਿਸ਼ਵਾਸ ਦੇ ਅਨੁਸਾਰ ਤੁਹਾਡੇ ਲਈ ਕੀਤਾ ਜਾਵੇਗਾ (ਮੱਤੀ 9:29)। ਤੁਸੀਂ ਤੁਹਾਡੇ ਜੀਵਨ ਦੇ ਬਾਕੀ ਦਿਨ ਡਰ ਵਿੱਚ ਬਿਤਾਏ ਹੋ ਸਕਦੇ ਹਨ, ਪਰ ਇਸ ਡਰ ਨੂੰ ਪਰਮੇਸ਼ੁਰ ਵਿੱਚ ਵਿਸ਼ਵਾਸ ਵਿੱਚ ਬਦਲਣ ਦਾ ਸਮਾਂ ਹੈ। ਨਵੇਂ ਰਾਹਾਂ ਨੂੰ ਸਿੱਖਣ ਲਈ ਸਮਾਂ ਲੱਗੇਗਾ, ਪਰ ਨਿਰਾਸ਼ ਨਾ ਹੋਵੋ ਅਤੇ ਹਿੰਮਤ ਨਾ ਹਾਰੋ। ਧਰਤੀ ਤੇ ਸਭ ਕੁਝ ਆਮ ਵਾਧੇ ਦੇ ਅਧਾਰ ਤੇ ਕੰਮ ਕਰਦਾ ਹੈ। ਥੋੜਾ ਥੋੜਾ ਕਰਕੇ ਸਭ ਕੁਝ ਬਦਲਦਾ ਹੈ ਜੇਕਰ ਅਸੀਂ ਉਹ ਕਰਦੇ ਰਹੀਏ ਜੋ ਪਰਮੇਸ਼ੁਰ ਸਾਨੂੰ ਕਰਨ ਲਈ ਆਖਦਾ ਹੈ।

## ਅਧਿਆਏ 9

# ਜੀਵਨ ਦਾ ਅਨੰਦ ਲਓ

ਚੋਰ ਨਹੀਂ ਆਉਂਦਾ ਪਰ ਇਸ ਲਈ ਜੋ ਚੁਰਾਵੇ ਅਰ ਵੱਢੇ ਅਤੇ ਨਾਸ ਕਰੇ। ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ ਜੀਉਣ ਮਿਲੇ ਸਗੋਂ ਚੋਖਾ ਮਿਲੇ [ਭਰਪੂਰੀ ਤੱਕ, ਜਦੋਂ ਤੱਕ ਕਿ ਇਹ ਬਾਹਰ ਨਾ ਵੱਗ ਨਿਕਲੇ]

—ਯੂਹੰਨਾ 10:10

ਯਿਸੂ ਮਰ ਗਿਆ ਤਾਂ ਜੋ ਤੁਸੀਂ ਤੁਹਾਡੇ ਜੀਵਨ ਦਾ ਅਨੰਦ ਲੈ ਸਕੋ। ਉਸ ਦਾ ਅਰਥ ਇਹ ਨਹੀਂ ਕਿ ਤੁਸੀਂ ਸਭ ਕੁਝ ਉਵੇਂ ਪ੍ਰਾਪਤ ਕਰੋਗੇ ਜਿਵੇਂ ਤੁਸੀਂ ਚਾਹੁੰਦੇ ਹੋ ਅਤੇ ਕਦੀ ਵੀ ਕੋਈ ਮੁਸ਼ਕਿਲ ਨਹੀਂ ਹੋਵੇਗੀ। ਇਸ ਦਾ ਅਰਥ ਇਹ ਹੈ ਕਿ ਪਰਮੇਸ਼ੁਰ ਨਾਲ ਤੁਹਾਡੇ ਸੰਬੰਧ ਰਾਹੀਂ, ਤੁਸੀਂ ਸੰਸਾਰ ਵਿੱਚ ਲਾਚਾਰੀ ਤੋਂ ਉੱਪਰ ਉੱਠ ਸਕਦੇ ਅਤੇ ਇੱਕ ਜੀ ਉੱਠਣ ਦੇ ਜੀਵਨ ਨੂੰ ਪਰਮੇਸ਼ੁਰ ਨਾਲ, ਅਤੇ ਲਈ, ਪਵਿੱਤਰ ਆਤਮਾ ਦੀ ਸ਼ਕਤੀ ਰਾਹੀਂ ਵੰਡ ਸਕਦੇ ਹੋ।

ਪਰਮੇਸ਼ੁਰ ਸਾਡਾ ਅਸਲੀ ਜੀਵਨ ਹੈ। ਉਸ ਵਿੱਚ ਅਸੀਂ ਰਹਿੰਦੇ ਅਤੇ ਚੱਲਦੇ ਅਤੇ ਸਾਡੀ ਹੋਂਦ ਹੈ। ਪਰਮੇਸ਼ੁਰ ਦਾ ਅਨੰਦ ਕਰਨਾ ਸਿੱਖਣਾ ਤੁਹਾਡੇ ਜੀਵਨ ਦੇ ਹਰੇਕ ਦਿਨ ਦਾ ਅਨੰਦ ਲੈਣ ਲਈ ਤੁਹਾਨੂੰ ਅਜ਼ਾਦ ਕਰੇਗਾ। ਉਸ ਨਾਲ ਸੰਗਤੀ ਦਾ ਅਨੰਦ ਲਓ। ਪਰਮੇਸ਼ੁਰ ਉਸ ਕਿਸੇ ਵੀ ਚੀਜ਼ ਸੰਬੰਧੀ ਚਿੰਤਾ ਕਰਦਾ

ਜੋ ਤੁਹਾਡੀ ਚਿੰਤਾ ਹੈ, ਅਤੇ ਬਾਈਬਲ ਅਸਲ ਵਿੱਚ ਆਖਦੀ ਹੈ ਕਿ ਪਰਮੇਸ਼ੁਰ ਸਿੱਧ ਕਰੇਗਾ ਜੋ ਤੁਹਾਡੀ ਚਿੰਤਾ ਹੈ। ਉਹ ਹਰ ਸਮੇਂ ਤੁਹਾਡੇ ਜੀਵਨ ਵਿੱਚ ਤੁਹਾਨੂੰ ਜਿਆਦਾ ਪੂਰਣਤਾ ਨਾਲ ਉਸ ਦੀ ਇੱਛਾ ਵਿੱਚ ਲਿਆਉਂਦੇ ਕੰਮ ਕਰਦਾ ਹੈ।

ਇੱਕ ਗਲਤ ਢੰਗ ਨਾਲ ਪਰਮੇਸ਼ੁਰ ਤੋਂ ਨਾ ਡਰੋ। ਸਾਡੇ ਕੋਲ ਪਰਮੇਸ਼ੁਰ ਦਾ ਆਦਰ ਯੋਗ ਡਰ ਹੋਣਾ ਚਾਹੀਦਾ ਹੈ, ਜਿਸ ਦਾ ਅਰਥ ਕਿ ਸਾਨੂੰ ਉਸ ਦਾ ਆਦਰ ਕਰਨਾ ਅਤੇ ਜਾਨਣਾ ਚਾਹੀਦਾ ਕਿ ਉਹ ਸਰਬ ਸ਼ਕਤੀਸ਼ਾਲੀ ਹੈ ਅਤੇ ਉਹ ਜੋ ਆਖਦਾ ਉਸ ਦਾ ਅਰਥ ਰੱਖਦਾ ਹੈ। ਪਰ ਸਾਨੂੰ ਕਦੇ ਵੀ ਡਰਨਾ ਨਹੀਂ ਚਾਹੀਦਾ ਕਿ ਹਰ ਸਮੇਂ ਜਦੋਂ ਅਸੀਂ ਗਲਤੀ ਕਰਦੇ ਪਰਮੇਸ਼ੁਰ ਕ੍ਰੋਧਿਤ ਹੁੰਦਾ ਹੈ ਜਾਂ ਫਿਰ ਇਹ ਕਿ ਹਰ ਸਮੇਂ ਜਦੋਂ ਅਸੀਂ ਸਿੱਧ ਹੋਣ ਵਿੱਚ ਅਸਫ਼ਲ ਹੁੰਦੇ ਪਰਮੇਸ਼ੁਰ ਸਾਨੂੰ ਸਜ਼ਾ ਦੇਵੇਗਾ। ਪਰਮੇਸ਼ੁਰ ਦਿਯਾਲੂ ਹੈ ਅਤੇ ਉਹ ਕ੍ਰੋਧ ਕਰਨ ਵਿੱਚ ਧੀਮਾ ਹੈ। ਉਹ ਸੰਜਮ ਰੱਖਦਾ ਹੈ, ਅਤੇ ਉਹ ਸਾਡੇ ਢਾਂਚੇ ਨੂੰ ਜਾਣਦਾ ਅਤੇ ਸਾਡੀਆਂ ਕਮਜ਼ੋਰੀਆਂ ਅਤੇ ਬਦੀਆਂ ਨੂੰ ਜਾਣਦਾ ਹੈ।

ਜੇਕਰ ਤੁਸੀਂ ਸਾਡੇ ਬਾਕੀ ਦੇ ਸਾਰੀਆਂ ਵਾਂਙ ਹੀ ਹੋ, ਤੁਹਾਡੇ ਕੋਲ ਜੀਵਨ ਅਤੇ ਵਿਅਕਤੀਤੱਵ ਵਿੱਚ ਬਹੁਤ ਸਾਰੀਆਂ ਗੱਲਾਂ ਹਨ ਜਿੰਨਾਂ ਨੂੰ ਬਦਲੇ ਜਾਣ ਦੀ ਲੋੜ ਹੈ - ਅਤੇ ਪਰਮੇਸ਼ੁਰ ਉਨ੍ਹਾਂ ਨੂੰ ਬਦਲੇਗਾ। ਪਰ ਖੁਸ਼ਖਬਰੀ ਇਹ ਹੈ ਕਿ ਤੁਸੀਂ ਪਰਮੇਸ਼ੁਰ ਦਾ ਅਨੰਦ ਲੈ ਸਕਦੇ ਅਤੇ ਜਦੋਂ ਉਹ ਇਹ ਕਰ ਰਿਹਾ ਹੈ ਤੁਹਾਡੇ ਜੀਵਨ ਦਾ ਅਨੰਦ ਲੈ ਸਕਦੇ ਹੋ।

ਜੀਵਨ ਜਿਹੜਾ ਹੁਣ ਤੁਹਾਡੇ ਕੋਲ ਹੈ ਉਹ ਨਹੀਂ ਹੋਵੇਗਾ ਜਿਸ ਨਾਲ ਤੁਸੀਂ ਅੰਤ ਕਰਨਾ ਚਾਹੁੰਦੇ ਹੋ, ਪਰ ਇਹੋ ਹੀ ਵਰਤਮਾਨ ਦੇ ਸਮੇਂ ਵਿੱਚ ਸਿਰਫ਼ ਤੁਹਾਡੇ ਕੋਲ ਹੈ, ਇਸ ਲਈ ਤੁਹਾਨੂੰ ਇਸ ਦਾ ਅਨੰਦ ਲੈਣਾ ਅਰੰਭ ਕਰਨਾ ਹੈ ਇਸ ਵਿੱਚ ਚੰਗੀਆਂ ਗੱਲਾਂ ਨੂੰ ਲੱਭੋ। ਸਕਰਾਤਮਕ ਨੂੰ ਜਿਆਦਾ ਮਹੱਤਵ ਦਿਉ ਅਤੇ ਸਭ ਕੁਝ ਚੰਗਾ ਵੇਖਣਾ ਸਿੱਖੋ। ਆਪਣੇ ਪਰਿਵਾਰ ਅਤੇ ਮਿੱਤਰਾਂ ਦਾ ਅਨੰਦ ਲਉ। ਉਨ੍ਹਾਂ ਨੂੰ ਅੱਡ ਕਰਕੇ ਨਾ ਚੁਣੋ ਅਤੇ ਉਨ੍ਹਾਂ ਨੂੰ ਬਦਲਣ

ਦੀ ਕੋਸ਼ਿਸ ਕਰਨ ਵਿੱਚ ਰੁੱਝੇ ਨਾ ਰਹੋ। ਉਨ੍ਹਾਂ ਲਈ ਪ੍ਰਾਰਥਨਾ ਕਰੋ ਅਤੇ ਪਰਮੇਸ਼ੁਰ ਨੂੰ ਬਦਲਾਵ ਕਰਨ ਦਿਉ।

ਆਪਣੇ ਕੰਮ ਦਾ ਅਨੰਦ ਲਉ, ਆਪਣੇ ਘਰ ਦਾ ਅਨੰਦ ਲਉ, ਅਤੇ ਸਾਧਾਰਣ, ਹਰ ਦਿਨ ਦੇ ਜੀਵਨ ਦਾ ਅਨੰਦ ਲਉ। ਇਹ ਸੰਭਵ ਹੈ ਕਿ ਜੇਕਰ ਤੁਸੀਂ ਪਰਮੇਸ਼ੁਰ ਤੇ ਭਰੋਸਾ ਕਰੋ ਅਤੇ ਇੱਕ ਚੰਗਾ ਰਵੱਈਆ ਰੱਖਣ ਦਾ ਫੈਸਲਾ ਕਰੋ। ਆਪਣੀਆਂ ਅੱਖਾਂ ਪਰਮੇਸ਼ੁਰ ਤੇ ਰੱਖੋ ਅਤੇ ਉਸ ਤੇ ਨਹੀਂ ਜੋ ਤੁਹਾਡੇ, ਤੁਹਾਡੇ ਜੀਵਨ, ਤੁਹਾਡੇ ਪਰਿਵਾਰ, ਅਤੇ ਤੁਹਾਡੇ ਸੰਸਾਰ ਨਾਲ ਗਲਤ ਹੈ। ਪਰਮੇਸ਼ੁਰ ਕੋਲ ਤੁਹਾਡੇ ਲਈ ਇੱਕ ਚੰਗੀ ਯੋਜਨਾ ਹੈ ਅਤੇ ਉਹ ਪਹਿਲਾਂ ਤੋਂ ਹੀ ਇਸ ਤੇ ਕੰਮ ਕਰਨਾ ਅਰੰਭ ਕਰ ਰਿਹਾ ਹੈ। ਤੁਸੀਂ ਆਉਣ ਵਾਲੀਆ ਚੰਗੀਆਂ ਚੀਜਾਂ ਵੱਲ ਵੇਖਦੇ ਹੋਏ, ਸਮੇਂ ਤੋਂ ਪਹਿਲਾਂ ਅਨੰਦ ਕਰ ਸਕਦੇ ਹੋ।

ਜਿਆਦਾਤਰ ਲੋਕ ਇਸ ਤਰ੍ਹਾਂ ਰਹਿੰਦੇ ਜੋ ਉਹ ਵਿਸ਼ਵਾਸ ਕਰਦੇ ਕਿ ਉਹ ਉਨ੍ਹਾਂ ਦੇ ਜੀਵਨ ਨੂੰ ਜਿੰਨਾਂ ਚਿਰ ਉਨ੍ਹਾਂ ਕੋਲ ਹਰ ਕਿਸਮ ਦੀਆਂ ਸਮੱਸਿਆਵਾਂ ਹਨ ਦਾ ਅਨੰਦ ਨਹੀਂ ਲੈ ਸਕਦੇ ਹਨ, ਪਰ ਉਹ ਗਲਤ ਸੋਚ ਹੈ। ਗਲਤੀਆਂ ਵਿੱਚ ਤੁਹਾਡੇ ਭੂਤਕਾਲ ਦੇ ਪਛਤਾਵੇ ਵਿੱਚ ਨਾ ਵੱਧਦੇ ਰਹੋ। ਵੱਡੇ ਨਵੇਂ ਭਵਿੱਖ ਬਾਰੇ ਨਿਰੰਤਰ ਸੋਚੋ ਜੋ ਯਿਸੂ ਮਸੀਹ ਰਾਹੀਂ ਤੁਹਾਡੇ ਕੋਲ ਹੈ। ਤੁਸੀਂ ਜਿਸ ਕਿਸੇ ਦਾ ਵੀ ਅਨੰਦ ਲੈਣ ਦਾ ਫੈਸਲਾ ਕਰੋ ਉਸ ਦਾ ਅਨੰਦ ਲੈ ਸਕਦੇ ਹੋ। ਤੁਸੀਂ ਇੱਕ ਟਰੈਫਿਕ ਜਾਮ ਵਿੱਚ ਬੈਠਣ ਦਾ ਵੀ ਅਨੰਦ ਲੈ ਸਕਦੇ ਜੇਕਰ ਤੁਸੀਂ ਇਸ ਤਰ੍ਹਾਂ ਕਰਨ ਦਾ ਫੈਸਲਾ ਕਰੋ। ਯਾਦ ਰੱਖੋ ਕਿ ਮੈਂ ਤੁਹਾਨੂੰ ਜੀਉਣ ਦਾ ਇੱਕ ਨਵਾਂ ਢੰਗ ਸਿਖਾ ਰਹੀਂ ਹਾਂ, ਅਤੇ ਜੀਵਨ ਪ੍ਰਤੀ ਤੁਹਾਡਾ ਰਵੱਈਆ ਇਸ ਦਾ ਇੱਕ ਵੱਡਾ ਹਿੱਸਾ ਹੈ।

ਮੈਂ ਅੰਤ ਵਿੱਚ ਇਹ ਸਿੱਖਿਆ ਹੈ ਕਿ ਅਨੰਦ ਲੈਣਾ ਜਿੱਥੇ ਮੈਂ ਹਾਂ ਜਦ ਕਿ ਮੈਂ ਉਸ ਰਾਹ ਤੇ ਹਾਂ ਜਿੱਥੇ ਮੈਂ ਜਾ ਰਹੀ ਹਾਂ, ਅਤੇ ਮੈਂ ਤੁਹਾਨੂੰ ਵੀ ਉਹੀ ਕਰਨ ਲਈ ਦ੍ਰਿੜਤਾ ਨਾਲ ਬੇਨਤੀ ਕਰਦੀ ਹਾਂ। ਤੁਹਾਡੇ ਜੀਵਨ ਵਿੱਚ ਕਰਨ

ਲਈ ਪਰਮੇਸ਼ੁਰ ਕੋਲ ਇੱਥੇ ਬਹੁਤ ਹੈ ਅਤੇ ਉਹ ਨਹੀਂ ਚਾਹੁੰਦਾ ਕਿ ਤੁਸੀਂ ਲਾਚਾਰ ਹੋਵੋ ਜਦੋਂ ਉਹ ਇਸ ਨੂੰ ਕਰ ਰਿਹਾ ਹੈ। ਉਵੇਂ ਹੀ ਜਿਵੇਂ ਕਿ ਬੱਚਿਆਂ ਨੇ ਬਾਲਗਾਂ ਵਿੱਚ ਵੱਡੇ ਹੋਣਾ ਹੈ। ਮਸੀਹੀਆਂ ਨੂੰ ਵੀ ਵੱਧਣਾ ਚਾਹੀਦਾ ਹੈ। ਇਹ ਇੱਕ ਪ੍ਰੀਕ੍ਰਿਆ ਹੈ ਜੋ ਅਕਸਰ ਜਿੰਨ੍ਹਾਂ ਅਸੀਂ ਇਸ ਲਈ ਇੰਤਜ਼ਾਰ ਕਰਦੇ ਨਾਲੋਂ ਜਿਆਦਾ ਸਮਾਂ ਲੈਂਦੀ ਹੈ, ਪਰ ਇੱਥੇ ਯਾਤਰਾਂ ਦਾ ਕੋਈ ਅਨੰਦ ਨਾ ਲੈਣ ਦਾ ਕੋਈ ਵਿਸ਼ਾ ਨਹੀਂ ਹੈ।

ਪਰਮੇਸ਼ੁਰ ਤੁਹਾਥੋਂ ਅੱਜ ਸਿੱਧ ਹੋਣ ਦੀ ਆਸ ਨਹੀਂ ਰੱਖਦਾ ਹੈ। ਅਸਲ ਵਿੱਚ, ਉਹ ਪਹਿਲਾਂ ਹੀ ਜਾਣਦਾ ਹੈ ਕਿ ਜਿੰਨਾ ਚਿਰ ਤੱਕ ਤੁਸੀਂ ਇਸ ਧਰਤੀ ਤੇ ਰਹਿੰਦੇ ਤੁਸੀਂ ਕਦੇ ਵੀ ਪੂਰੀ ਤਰ੍ਹਾਂ ਸਿੱਧ ਨਹੀਂ ਹੋਵੋਗੇ। ਇਸ ਤਰ੍ਹਾਂ, ਉਹ ਸਾਥੋਂ ਸਾਰੀਆਂ ਤੋਂ ਕੋਸ਼ਿਸ਼ ਕਰਦੇ ਰਹਿਣ ਦੀ ਆਸ ਕਰਦਾ ਹੈ। ਸਾਨੂੰ ਹਰ ਦਿਨ ਉੱਠ ਕੇ ਗੰਭੀਰਤਾ ਨਾਲ ਪਰਮੇਸ਼ੁਰ ਦੀ ਸੇਵਾ ਕਰਨ ਲਈ ਸਾਡੀ ਉੱਤਮ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਨੂੰ ਸਾਰੀਆਂ ਅਸਫਲਤਾਵਾਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਸਾਡੇ ਸਾਰੇ ਪਾਪਾਂ ਲਈ, ਉਨ੍ਹਾਂ ਤੋਂ ਮੁੜਨ ਦੇ ਇਛੁੱਕ ਹੁੰਦੇ ਮਾਫ਼ੀ ਨੂੰ ਮੰਗਣਾ ਚਾਹੀਦਾ ਹੈ। ਜੇਕਰ ਅਸੀਂ ਇਸ ਤਰ੍ਹਾਂ ਕਰਾਂਗੇ, ਬਾਕੀ ਸਭ ਪਰਮੇਸ਼ੁਰ ਕਰੇਗਾ। ਉਹ ਉਸ ਦੀ ਪਵਿੱਤ੍ਰ ਆਤਮਾ ਨਾਲ ਸਾਡੇ ਰਾਹੀਂ ਕੰਮ ਕਰਦਾ ਰਹੇਗਾ। ਉਹ ਸਾਨੂੰ ਸਿਖਾਵੇਗਾ, ਸਾਨੂੰ ਬਦਲੇਗਾ, ਅਤੇ ਸਾਡਾ ਪ੍ਰਯੋਗ ਕਰੇਗਾ। ਤੁਸੀਂ ਜੀਉਣ ਦੇ ਇੱਕ ਨਵੇਂ ਢੰਗ ਵਿੱਚ ਕਦਮ ਰੱਖਿਆ ਹੈ, ਅਤੇ ਮੈਂ ਵਿਸ਼ਵਾਸ ਕਰਦੀ ਹਾਂ ਕਿ ਤੁਸੀਂ ਇਸ ਲਈ ਕਦੀ ਵੀ ਦੁਖੀ ਨਹੀਂ ਹੋਵੋਗੇ। ਪਰਮੇਸ਼ੁਰ ਦਾ ਅਨੰਦ ਲਉ, ਆਪਣੇ ਆਪ ਦਾ ਅਨੰਦ ਲਉ, ਅਤੇ ਉਸ ਜੀਵਨ ਦਾ ਅਨੰਦ ਲਉ ਜੋ ਯਿਸੂ ਤੁਹਾਨੂੰ ਦੇਣ ਲਈ ਮਰ ਗਿਆ!

# ਮੁਕਤੀ ਦੀ ਇੱਕ ਪ੍ਰਾਰਥਨਾ

*ਪਿਤਾ ਪਰਮੇਸ਼ੁਰ, ਮੈਂ ਤੈਨੂੰ ਪਿਆਰ ਕਰਦਾ ਹਾਂ। ਮੈਂ ਅੱਜ ਤੇਰੇ ਕੋਲ ਵਿਸ਼ਵਾਸ ਵਿੱਚ ਮੇਰੇ ਪਾਪਾਂ ਦੀ ਮਾਫ਼ੀ ਮੰਗਦਾ ਆਉਂਦਾ ਹਾਂ। ਯਿਸੂ ਮੈਂ ਤੇਰੇ ਵਿੱਚ ਵਿਸ਼ਵਾਸ ਕਰਦਾ ਹਾਂ, ਮੈਂ ਵਿਸ਼ਵਾਸ ਕਰਦਾ ਤੂੰ ਸਲੀਬ ਤੇ ਮੇਰੇ ਲਈ ਮਰ ਗਿਆ, ਤੂੰ ਆਪਣੇ ਨਿਰਦੋਸ਼ ਲਹੂ ਨੂੰ ਮੇਰੇ ਲਈ ਵਹਾਇਆ, ਤੂੰ ਮੇਰਾ ਸਥਾਨ ਅਤੇ ਮੇਰੀ ਸਾਰੀ ਸਜ਼ਾ ਨੂੰ ਲੈ ਲਿਆ ਜਿਸ ਦਾ ਮੈਂ ਹੱਕਦਾਰ ਹਾਂ। ਮੈਂ ਵਿਸ਼ਵਾਸ ਕਰਦਾ ਤੂੰ ਮਰ ਗਿਆ ਅਤੇ ਦਫ਼ਨਾਇਆ ਗਿਆ ਅਤੇ ਤੀਜੇ ਦਿਨ ਤੂੰ ਮੁਰਦਿਆਂ ਵਿੱਚੋਂ ਜੀ ਉੱਠਿਆ। ਮੌਤ ਤੈਨੂੰ ਫੜ ਕੇ ਨਾ ਰੱਖ ਸਕੀ। ਤੂੰ ਸ਼ਤਾਨ ਨੂੰ ਜਿੱਤ ਲਿਆ ਤੇ ਉਸ ਤੋਂ ਮੌਤ ਅਤੇ ਨਰਕ ਦੀਆਂ ਕੁੰਜੀਆਂ ਨੂੰ ਲੈ ਲਿਆ। ਮੈਂ ਵਿਸ਼ਵਾਸ ਕਰਦਾ ਤੂੰ ਇਹ ਸਭ ਮੇਰੇ ਲਈ ਕੀਤਾ ਕਿਉਂਕਿ ਤੂੰ ਮੈਨੂੰ ਪਿਆਰ ਕਰਦਾ ਹੈ। ਮੈਂ ਸਿੱਖਣਾ ਚਾਹੁੰਦਾ ਨਵੇਂ ਜੀਵਨ ਨੂੰ ਕਿਵੇਂ ਬਿਤਾਉਣਾ ਜਿਸ ਦਾ ਤੂੰ ਮੇਰੇ ਨਾਲ ਵਾਇਦਾ ਕੀਤਾ ਹੈ। ਹੁਣ, ਯਿਸੂ ਮੈਂ ਤੈਨੂੰ ਸਵੀਕਾਰ ਕਰਦਾ ਹਾਂ, ਅਤੇ ਮੈਂ ਆਪਣੇ ਆਪ ਨੂੰ ਤੈਨੂੰ ਦਿੰਦਾ ਹਾਂ। ਜਿਸ ਤਰ੍ਹਾਂ ਦਾ ਮੈਂ ਹਾਂ, ਅਤੇ ਮੈਨੂੰ ਉਹ ਬਣਾਉ ਜੋ ਤੁਸੀਂ ਚਾਹੁੰਦੇ ਹੋ ਕਿ ਮੈਂ ਬਣਾ।*

*ਯਿਸੂ, ਮੈਨੂੰ ਬਚਾਉਣ ਲਈ ਤੇਰਾ ਧੰਨਵਾਦ। ਮੈਨੂੰ ਆਪਣੀ ਪਵਿੱਤਰ ਆਤਮਾ ਨਾਲ ਭਰ ਅਤੇ ਜੋ ਵੀ ਮੈਨੂੰ ਜਾਣਨ ਦੀ ਲੋੜ ਉਹ ਸਭ ਮੈਨੂੰ ਸਿਖਾਉ। ਹੁਣ ਮੈਂ ਵਿਸ਼ਵਾਸ ਕਰਦਾ ਕਿ ਮੈਂ ਬਚਾਇਆ ਗਿਆ ਹਾਂ, ਮੈਂ ਨਵਾਂ ਜਨਮ ਪਾ ਲਿਆ ਹੈ, ਅਤੇ ਜਦੋਂ ਮੈਂ ਮਰਾਂਗਾ ਅਤੇ ਮੈਂ ਸਵਰਗ ਵਿੱਚ ਜਾਵਾਂਗਾ। ਪਿਤਾ, ਪਰਮੇਸ਼ੁਰ, ਮੈਂ ਤੇਰੀ ਯਾਤਰਾ ਦਾ ਅਨੰਦ ਲੈਣ ਅਤੇ ਤੇਰੀ ਮਹਿਮਾ ਲਈ ਰਹਿਣ ਜਾ ਰਿਹਾ ਹਾਂ!*

# ਸਿਫਾਰਸ਼ੀ ਸ੍ਰੋਤ

ਮੇਰੇ ਕੋਲ ਬਹੁਤ ਸਾਰੇ ਸ੍ਰੋਤ ਉਪਲਬੱਧ ਹਨ ਜਿਹੜੇ ਕਿ ਤੁਹਾਨੂੰ ਤੁਹਾਡੇ ਨਵੇਂ ਜੀਵਨ ਵਿੱਚ ਸਿੱਖਣ ਅਤੇ ਅੱਗੇ ਵੱਧਣ ਵਿੱਚ ਸਹਾਇਤਾ ਕਰਨਗੇ। ਤੁਸੀਂ ਇੱਕ ਸ੍ਰੋਤ ਪੁਸਤਕ ਸੂਚੀ ਨੂੰ ਮੰਗਵਾ ਸਕਦੇ ਹੋ ਅਤੇ ਇਹ ਤੁਹਾਨੂੰ ਮੁਫ਼ਤ ਵਿੱਚ ਭੇਜੀ ਜਾਵੇਗੀ। ਮੈਂ ਇਹ ਵੀ ਸਿਫਾਰਸ਼ ਕਰਦੀ ਹਾਂ ਕਿ ਤੁਸੀਂ ਸਾਡੇ ਮਹੀਨੇਵਾਰ ਰਸਾਲੇ ਨੂੰ ਵੀ ਮੰਗਵਾਓ, ਜੋ ਕਿ ਤੁਹਾਨੂੰ ਕਈ ਮਹੀਨਿਆਂ ਲਈ ਮੁਫ਼ਤ ਵਿੱਚ ਭੇਜਿਆ ਜਾਵੇਗਾ।

ਮੈਂ ਮੇਰੀ ਕਿਤਾਬ *ਮਨ ਦੀ ਯੁੱਧ ਭੂਮੀ* ਅਤੇ ਨਾਲ ਹੀ *ਹਾਓ ਟੂ ਸਕਸੀਡ ਏਟ ਬੀਂਅਗ ਯੂਅਰਸੇਲਫ* ਨੂੰ ਵੀ ਮੰਗਵਾਉਣ ਲਈ ਉੱਚ ਸਿਫਾਰਸ਼ ਕਰਦੀ ਹਾਂ। ਮੈਂ *ਦਾ ਵਰਡ, ਦਾ ਨੇਮ, ਦਾ ਬੱਲਡ* ਕਿਤਾਬ ਦੀ ਵੀ ਸਿਫਾਰਸ਼ ਕਰਦੀ ਹਾਂ ਜੋ ਕਿ ਯਿਸੂ ਨੇ ਜੋ ਸਲੀਬ ਦੇ ਉੱਤੇ ਤੁਹਾਡੇ ਲਈ ਕੀਤਾ ਹੈ ਅਤੇ ਸ਼ਕਤੀ ਜਿਹੜੀ ਕਿ ਹੁਣ ਉਸ ਵਿੱਚ ਇੱਕ ਵਿਸ਼ਵਾਸੀ ਵਜੋਂ ਤੁਹਾਡੇ ਲਈ ਉਪਲਬੱਧ ਹੈ ਦੇ ਸਬੰਧ ਵਿੱਚ ਤੁਹਾਡੇ ਜੀਵਨ ਵਿੱਚ ਇੱਕ ਚੰਗੀ ਠੋਸ ਨੀਂਹ ਰੱਖਣ ਵਿੱਚ ਸਹਾਇਤਾ ਕਰੇਗੀ।

*ਪ੍ਰੈਸਿੰਗ ਇਨ ਐਂਡ ਪ੍ਰੈਸਿੰਗ ਓਨ* ਕੈਸਟ ਜਾਂ ਸੀ. ਡੀ. ਵਿੱਚ ਉਪਲਬੱਧ ਇੱਕ ਚੰਗੀ ਸਿੱਖਿਆ ਲੜੀ ਹੈ, ਅਤੇ ਦਾ ਮਊਥ ਇੱਕ ਅਜਿਹੀ ਲੜੀ ਹੈ ਜਿਹੜੀ ਕਿ ਤੁਹਾਡੇ ਸ਼ਬਦਾਂ ਦੀ ਸ਼ਕਤੀ ਬਾਰੇ ਸਿੱਖਣ ਵਿੱਚ ਤੁਹਾਡੀ ਸਹਾਇਤਾ ਕਰੇਗੀ।

ਜੇਕਰ ਤੁਹਾਨੂੰ ਸਾਡੀ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਸਾਡੇ ਦਫ਼ਤਰ ਫੋਨ ਕਰੋ, ਅਤੇ ਯਾਦ ਰੱਖੋ, ਪਰਮੇਸ਼ੁਰ ਤੁਹਾਨੂੰ ਪਿਆਰ ਕਰਦਾ ਹੈ ਅਤੇ ਇਸੇ ਤਰ੍ਹਾਂ ਅਸੀਂ ਵੀ ਕਰਦੇ ਹਾਂ!!

# ਲੇਖਕ ਦੇ ਬਾਰੇ ਵਿੱਚ

ਜੋਏਸ ਮੇਅਰ ਸੰਸਾਰ ਦੇ ਪ੍ਰਸਿੱਧ ਬਾਈਬਲ ਉਪਦੇਸ਼ਕਾਂ ਦੇ ਵਿੱਚੋਂ ਇੱਕ ਹੈ। ਇੱਕ ਨਿਯੂ ਯਾਰਕ ਟਾਈਮਸ ਦੀਆਂ ਸਭ ਤੋਂ ਵੱਧ ਵਿਕਣ ਵਾਲੀਆਂ ਪੁਸਤਕਾਂ ਦੀ ਲੇਖਕ, ਉਨ੍ਹਾਂ ਦੀਆਂ ਕਿਤਾਬਾਂ ਨੇ ਯਿਸੂ ਮਸੀਹ ਰਾਹੀਂ ਆਸ ਅਤੇ ਬਹਾਲੀ ਨੂੰ ਲੱਭਣ ਵਿੱਚ ਲੱਖਾਂ ਲੋਕਾਂ ਦੀ ਸਹਾਇਤਾ ਕੀਤੀ ਹੈ। ਜੋਏਸ ਮੇਅਰ ਮਿਨਸਟਰੀ ਦੇ ਰਾਹੀਂ, ਉਹ ਮਨ, ਮੂੰਹ, ਮਿਜਾਜ ਅਤੇ ਰਵੱਈਏ ਤੇ ਇੱਕ ਖਾਸ ਕੇਂਦ੍ਰਿਤ ਹੁੰਦੇ ਹੋਏ ਕਈ ਵਿਸ਼ਿਆਂ ਨੂੰ ਸਿਖਾਉਂਦੀ ਹੈ। ਉਸ ਦੀ ਨਿਰਪੱਖ ਸੰਚਾਰ ਦੀ ਸ਼ੈਲੀ ਉਸ ਨੂੰ ਖੁੱਲ੍ਹੇ ਤੋਰ ਤੇ ਅਤੇ ਵਿਵਹਾਰਿਕ ਤੋਰ ਤੇ ਉਸ ਦੇ ਅਨੁਭਵਾਂ ਬਾਰੇ ਵੰਡਣ ਦੀ ਇਜਾਜ਼ਤ ਦਿੰਦੀ ਹੈ ਤਾਂ ਜੋ ਦੂਜੇ ਜੋ ਉਸ ਨੇ ਸਿੱਖਿਆ ਹੈ ਨੂੰ ਓਹਨਾਂ ਦੇ ਜੀਵਨਾਂ ਵਿੱਚ ਲਾਗੂ ਕਰ ਸਕਣ। ਜੋਏਸ ਨੇ ਲਗਭਗ 100 ਕਿਤਾਬਾਂ ਲਿਖੀਆਂ ਹਨ, ਜਿਹੜੀਆਂ ਕਿ 100 ਭਾਸ਼ਾਵਾਂ ਵਿੱਚ ਅਨੁਵਾਦ ਕੀਤੀਆਂ ਗਈਆਂ ਹਨ। ਉਹ ਹਰ ਸਾਲ ਲੋਕਾਂ ਨੂੰ ਉਨ੍ਹਾਂ ਦੇ ਹਰ ਦਿਨ ਦਾ ਅਨੰਦ ਲੈਣਾ ਸਿਖਾਉਂਦੇ ਹੋਏ, ਲਗਭਗ ਇੱਕ ਦਰਜ਼ਨ ਘਰੈਲੂ ਅਤੇ ਅੰਤਰਰਾਸ਼ਟਰੀ ਸੰਮੇਲਨ ਵੀ ਕਰਦੀ ਹੈ। ਪਿਛਲੇ 30 ਸਾਲਾਂ ਦੇ ਵਿੱਚ ਉਸ ਦੇ ਸਲਾਨਾ ਔਰਤਾਂ ਦੇ ਸੰਮੇਲਨ ਨੇ ਸਾਰੇ ਸੰਸਾਰ ਤੋਂ 200,000 ਤੋਂ ਜਿਆਦਾ ਔਰਤਾਂ ਨੂੰ ਆੱਕਰਿਸ਼ਤ ਕੀਤਾ ਹੈ। ਦੁਖੀ ਲੋਕਾਂ ਦੀ ਸਹਾਇਤਾ ਕਰਨ ਲਈ ਜੋਏਸ ਦਾ ਜਨੂਨ, ਜੋਏਸ ਮੇਅਰ ਮਿਨਸਟਰੀ ਦੇ ਮਿਸ਼ਨ ਦੀ ਬਾਂਹ, ਹੈਂਡ ਆਫ ਹੋਪ ਦੇ ਦਰਸ਼ਣ ਲਈ ਬੁਨਿਆਦੀ ਹੈ, ਜਿਹੜਾ ਕਿ ਸੰਸਾਰ ਦੇ ਵਿੱਚ ਆਊਟਰੀਚ ਲਈ ਸਹਾਇਤਾ ਕਰਦਾ ਹੈ, ਜਿਸ ਵਿੱਚ ਸੈਂਟ ਲੂਇਸ ਵਿੱਚ ਉਸ ਦਾ ਘਰੈਲੂ ਸ਼ਹਿਰ ਵੀ ਆਉਂਦਾ ਹੈ।

To contact the author in the United States, please write:

Joyce Meyer Ministries

P.O. Box 655,

Fenton, Missouri 63026

or call: (636) 349-0303

or log on to: www.joycemeyer.org

To contact the author in India, please write:

Joyce Meyer Ministries

Nanakramguda,

Hyderabad - 500 008

or call: 2300 6777

or log on to: www.jmmindia.org

# ਤੁਸੀਂ ਸਦੀਪਕ ਕਾਲ ਕਿੱਥੇ ਬਿਤਾਉਗੇ?



ਬਹੁਤ ਸਾਰੇ ਲੋਕ ਜੋ ਅੱਜ ਹੁੰਦਾ ਸਿਰਫ਼ ਉਸ ਦੀ ਹੀ ਚਿੰਤਾ ਕਰਦੇ ਹਨ ਜਾਂ ਸੰਭਾਵੀ ਕੁਝ ਮਹੀਨਿਆਂ ਲਈ ਹੀ। ਸਭ ਤੋਂ ਚੰਗਾ, ਉਹ ਸਿਰਫ਼ ਚਿੰਤਿਤ ਹੋ ਸਕਦੇ ਹਨ ਕਿ ਸੇਵਾ-ਮੁਕਤ ਹੋਣ ਤੋਂ ਬਾਅਦ ਕੀ ਹੁੰਦਾ ਹੈ। ਪਰ ਮੌਤ ਤੋਂ ਬਾਅਦ ਜੀਵਨ ਬਾਰੇ ਕੀ ਹੈ? ਕੀ ਤੁਸੀਂ ਇਸ ਲਈ ਤਿਆਰ ਹੋ?

ਭਾਵੇਂ ਕਿ ਤੁਹਾਡਾ ਸਰੀਰਕ ਸਰੀਰ ਇੱਕ ਦਿਨ ਮਰ ਜਾਵੇਗਾ, ਤੁਹਾਡੀ ਆਤਮਾ ਸਦੀਪਕ ਕਾਲ ਲਈ ਨਿਰੰਤਰ ਰਹੇਗੀ। ਤੁਹਾਡੀ ਆਤਮਾ ਸਵਰਗ ਵਿੱਚ ਜਾਂ ਨਰਕ ਵਿੱਚ ਰਹੇਗੀ ਇਹ ਤੁਹਾਡੇ ਦੁਆਰਾ ਕੀਤੀਆਂ ਚੋਣਾਂ ਤੇ ਨਿਰਭਰ ਹੋਵੇਗਾ। ਇਸ ਪੁਸਤਕ ਵਿੱਚ, ਸਭ ਤੋਂ ਵੱਧ ਵਿਕਣ ਵਾਲੀਆਂ ਪੁਸਤਕਾਂ ਦੀ ਲੇਖਕ ਜੋਇਸ ਮੇਅਰ ਮੁਕਤੀ ਲਈ ਪਰਮੇਸ਼ੁਰ ਦੀ ਯੋਜਨਾ ਦੀ ਰੂਪ ਰੇਖਾ ਦਿੰਦੀ ਹੈ ਤਾਂ ਜੋ ਤੁਸੀਂ ਸਹੀ ਫੈਸਲਾ ਕਰ ਸਕੋ।

### ਪ੍ਰੇਮ ਨਾਲ ਅਤੇ ਧੀਰਜ ਨਾਲ, ਉਹ ਤੁਹਾਨੂੰ ਸਿਖਾਉਂਦੀ ਹੈ:

- ਯਿਸੂ ਦੀ ਕਹਾਣੀ ਅਤੇ ਮਹੱਤਤਾ
- ਕਿਵੇਂ ਵਿਸ਼ਵਾਸ ਦਿਲ ਵਿੱਚ ਹੁੰਦਾ ਹੈ—ਮਨ ਵਿੱਚ ਨਹੀਂ
- ਮਸੀਹ ਨੂੰ ਸਵੀਕਾਰ ਕਰਨ ਲਈ ਤੁਹਾਨੂੰ ਕੀ ਕਰਨਾ ਚਾਹੀਦਾ ਹੈ
- ਤੁਹਾਡੇ ਨਵੇਂ ਜੀਵਨ ਨੂੰ ਕਿਵੇਂ ਅਰੰਭ ਕਰਨਾ।

ਹੁਣ ਜਿਆਦਾ ਦੇਰ ਤੱਕ ਇਸ ਨੂੰ ਪਾਸੇ ਨਾ ਰੱਖੋ। ਇੱਕ ਜੀਉਣ ਦੇ ਨਵੇਂ ਢੰਗ ਨੂੰ ਲੱਭਣ ਦਾ ਇਹ ਤੁਹਾਡਾ ਸਮਾਂ ਹੈ!

JOYCE MEYER MINISTRIES®
Nanakramguda, Hyderabad - 500 008